Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 121 | Monday, June 29, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਜਹਾਜ਼ਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਸਬੰਧੀ ਨਿਯਮਾਂ ਨੂੰ ਖ਼ਤਮ ਕਰਨਗੀਆਂ ਵੈਸਟਜੈੱਟ ਤੇ ਏਅਰ ਕੈਨੇਡਾ




ਕੈਲਗਰੀ, 28 ਜੂਨ (ਪੋਸਟ ਬਿਊਰੋ) : ਕੌਮਾਂਤਰੀ ਟਰੈਵਲ ਗਾਈਡਲਾਈਨਜ਼ ਵਿੱਚ ਤਬਦੀਲੀਆਂ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਏਅਰ ਕੈਨੇਡਾ ਤੇ ਵੈਸਟਜੈੱਟ ਨੇ ਘਰੇਲੂ ਉਡਾਨਾਂ ਵਿੱਚ ਸੀਟਾਂ ਵਿੱਚ ਵਕਫਾ ਰੱਖਣ ਦੀ ਪ੍ਰੋਟੋਕਾਲ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਦੋਵਾਂ ਏਅਰਲਾਈਨਜ ਵੱਲੋਂ ਇਹ ਫੈਸਲਾ ਪਹਿਲੀ ਜੁਲਾਈ ਤੋਂ ਲਾਗੂ ਹੋਵੇਗਾ। ਕੈਲਗਰੀ ਸਥਿਤ ਏਅਰਲਾਈਨ ਵੱਲੋਂ ਇਸ ਸਬੰਧੀ ਸ਼ੁੱਕਰਵਾਰ ਨੂੰ ਐਲਾਨ ਕੀਤਾ ਗਿਆ। ਏਅਰਲਾਈਨ ਵੱਲੋਂ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸਿਏਸ਼ਨ ਗਾਇਡੈਂਸ ਦੇ ਮੁਲਾਂਕਣ ਤੋਂ ਬਾਅਦ ਇਹ ਐਲਾਨ ਕੀਤਾ ਗਿਆ। ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਦੇ ਜਹਾਜ਼ਾਂ ਵਿੱਚ ਹੈਪਾ ਫਿਲਟਰਜ਼ (HEPA filters) ਲੱਗੇ ਹਨ, ਜਿਹੜੇ ਕੈਬਿਨਜ਼ ਵਿੱਚ ਛੱਤ ਤੋਂ ਫਰਸ਼ ਤੱਕ ਦੀ ਹਵਾ ਨੂੰ ਸਾਫ ਕਰਨ ਦਾ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਹੋਰ ਅਹਿਤਿਆਤ ਵਰਤਣ ਦੀ ਲੋੜ ਨਹੀਂ ਹੈ।

ਵੈਸਟਜੈੱਟ ਨੇ ਆਖਿਆ ਕਿ ਸੀਟ ਬੈਕਸ ਵੀ ਯਾਤਰੀਆਂ ਦੀ ਹਿਫਾਜ਼ਤ ਦਾ ਕੰਮ ਕਰਦੀਆਂ ਹਨ। ਕੰਪਨੀ ਨੇ ਆਖਿਆ ਕਿ ਵੈਸਟਜੈੱਟ ਵੱਲੋਂ ਕੈਨੇਡੀਅਨਾ ਦੇ ਸੁਰੱਖਿਅਤ ਸਫਰ ਦੇ ਸਾਰੇ ਇੰਤਜ਼ਾਮ ਕੀਤੇ ਗਏ ਹਨ। ਸਾਰੇ ਯਾਤਰੀਆਂ ਦਾ ਲਗਾਤਾਰ ਟੈਂਪਰੇਚਰ ਚੈੱਕ ਕੀਤਾ ਜਾਂਦਾ ਹੈ, ਸਾਫ ਸਫਾਈ ਦਾ ਪੂਰਾ ਪ੍ਰਬੰਧ ਹੈ, ਜਿੱਥੇ ਵੀ ਹੱਥ ਲੱਗਦੇ ਹਨ ਉੱਥੇ ਵਾਰੀ ਵਾਰੀ ਸੈਨੇਟਾਈਜ਼ ਕੀਤਾ ਜਾਂਦਾ ਹੈ, ਹੋਰਨਾਂ ਪ੍ਰਬੰਧਾਂ ਤੋਂ ਇਲਾਵਾ ਮਹਿਮਾਨਾਂ ਤੇ ਅਮਲੇ ਦੇ ਮੈਂਬਰਾਂ ਨੂੰ ਮਾਸਕ ਲਾਉਣ ਲਈ ਵੀ ਆਖਿਆ ਜਾਂਦਾ ਹੈ।

ਏਅਰ ਕੈਨੇਡਾ ਵੱਲੋਂ ਵੀ ਵੈਸਟਜੈੱਟ ਦੀ ਤਰਜ਼ ਉੱਤੇ ਜਲਦ ਹੀ ਸੀਟਾਂ ਵਿਚਲਾ ਵਕਫਾ ਖਤਮ ਕਰਨ ਦਾ ਐਲਾਨ ਕੀਤਾ ਜਾ ਸਕਦਾ ਹੈ। ਏਅਰ ਕੈਨੇਡਾ ਦੇ ਬੁਲਾਰੇ ਪੀਟਰ ਫਿਟਜ਼ਪੈਟ੍ਰਿਕ ਨੇ ਇੱਕ ਈਮੇਲ ਵਿੱਚ ਆਖਿਆ ਕਿ ਨਵੇਂ ਮਾਪਦੰਡ ਆਈਸੀਏਓ (ਸੰਯੁਕਤ ਰਾਸ਼ਟਰ ਦੀ ਇੰਟਰਨੈਸ਼ਨਲ ਸਿਵਲ ਏਵੀਏਸ਼ਨ ਆਰਗੇਨਾਈਜ਼ੇਸ਼ਨ) (the UN's International Civil Aviation Organization) ਦੀਆਂ ਸਿਫਾਰਸ਼ਾਂ ਉੱਤੇ ਹੀ ਆਧਾਰਿਤ ਹੋਣਗੇ।

## ਲਾਪਤਾ ਛੇ ਸਾਲਾ ਬੱਚਾ ਸਹੀ ਸਲਾਮਤ ਮਿਲਿਆ, ਮਸ਼ਕੂਕ ਗ੍ਰਿਫਤਾਰ



ਟੋਰਾਂਟੋ, 28 ਜੂਨ (ਪੋਸਟ ਬਿਊਰੋ) : ਐਂਬਰ ਐਲਰਟ ਜਾਰੀ ਹੋਣ ਤੋਂ ਬਾਅਦ ਓਨਟਾਰੀਓ ਦਾ ਛੇ ਸਾਲਾ ਬੱਚਾ ਸਹੀ ਸਲਾਮਤ ਮਿਲ ਗਿਆ। ਨਾਇਗਰਾ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਚੇ ਨੂੰ ਦੁਪਹਿਰੇ 1:23 ਵਜੇ ਲੱਭ ਲਿਆ ਗਿਆ ਤੇ ਇੱਕ ਮਸ਼ਕੂਕ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ। ਕਾਂਸਟੇਬਲ ਫਿਲ ਗੈਵਿਨ ਨੇ ਦੱਸਿਆ ਕਿ ਬੱਚਾ ਸਹੀ ਸਲਾਮਤ ਹੈ ਤੇ ਉਸ ਦੇ ਕੋਈ ਸੱਟ ਫੇਟ ਵੀ ਨਹੀਂ ਲੱਗੀ। ਐਂਬਰ ਐਲਰਟ 12:45 ਉੱਤੇ ਜਾਰੀ ਕੀਤਾ ਗਿਆ ਸੀ। ਪੁਲਿਸ ਅਨੁਸਾਰ ਇਸ ਬੱਚੇ ਨੂੰ ਪਿਤਾ ਵੱਲੋਂ ਹੀ ਅਗਵਾ ਕੀਤਾ ਗਿਆ ਸੀ। ਬੱਚਾ ਆਪਣੇ 44 ਸਾਲਾ ਪਿਤਾ ਨਾਲ ਸੀ ਤੇ ਉਸ ਨੂੰ ਆਖਰੀ ਵਾਰੀ ਹੈਮਿਲਟਨ, ਓਨਟਾਰੀਓ ਵਿੱਚ ਸਵੇਰੇ 9:00 ਵਜੇ ਵੇਖਿਆ ਗਿਆ ਸੀ। ਇਹ ਵੀ ਮੰਨਿਆ ਜਾ ਰਿਹਾ ਸੀ ਕਿ ਉਹ ਵਿਅਕਤੀ ਆਪਣੇ ਲੜਕੇ ਨੂੰ ਗੋਲਡ 2016 ਮਰਸਡੀਜ਼ ਐਸਐਲਕੇ ਵਿੱਚ ਲਿਜਾ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਉਸ ਸਮੇਂ ਆਤਮ ਸਮਰਪਣ ਕਰ ਦਿੱਤਾ ਜਦੋਂ ਉਸ ਨੂੰ ਪਤਾ ਲੱਗਿਆ ਕਿ ਬੱਚੇ ਲਈ ਐਂਬਰ ਐਲਰਟ ਜਾਰੀ ਕੀਤਾ ਗਿਆ ਹੈ। ਉਸ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਐਤਵਾਰ ਸ਼ਾਮ ਨੂੰ ਹੈਮਿਲਟਨ ਦੇ ਜੌਹਨ ਮਾਈਕਲ ਉੱਤੇ ਕਸਟਡੀ ਵਿੱਚ ਦਖਲਅੰਦਾਜ਼ੀ ਜਾਂ ਪੇਰੈਂਟਿੰਗ ਹੁਕਮਾਂ ਤੇ ਅਦਾਲਤ ਦੇ ਹੁਕਮਾਂ ਦੀ ਖਿਲਾਫਤ ਕਰਨ ਦੇ ਦੋਸ਼ ਲਾਏ ਗਏ। ਉਸ ਦੇ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਹੋਵੇਗੀ।

## ਕੀ ਨੀਲੀਆਂ ਲਾਇਸੰਸ ਪਲੇਟਾਂ ਜਾਰੀ ਕਰਨੀਆਂ ਬੰਦ ਕਰੇਗੀ ਓਨਟਾਰੀਓ ਸਰਕਾਰ?




ਟੋਰਾਂਟੋ, 28 ਜੂਨ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਸ ਹਫਤੇ ਦੇ ਅੰਤ ਤੱਕ ਆਪਣੀਆਂ ਨੀਲੇ ਰੰਗ ਵਾਲੀਆਂ ਲਾਇਸੰਸ ਪਲੇਟਜ਼ ਜਾਰੀ ਕਰਨੀਆਂ ਬੰਦ ਕਰ ਦਿੱਤੀਆਂ ਜਾਣਗੀਆਂ। ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦੇ ਸਹਿਯੋਗ ਨਾਲ 3 ਐਮ ਕੈਨੇਡਾ ਵੱਲੋਂ ਤਿਆਰ ਇਹ ਲਾਇਸੰਸ ਪਲੇਟਾਂ ਫਰਵਰੀ ਤੋਂ ਲਾਗੂ ਕੀਤੀਆਂ ਗਈਆਂ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਲਾਇਸੰਸ ਪਲੇਟਾਂ ਬਾਰੇ ਕਈ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਖਾਸਤੌਰ ਉੱਤੇ ਰਾਤ ਨੂੰ ਇਹ ਲਾਇਸੰਸ ਪਲੇਟਾਂ ਉੱਤੇ ਲਿਖੇ ਨੰਬਰ ਨਾ ਪੜ੍ਹੇ ਜਾਣ ਦੀ ਸ਼ਿਕਾਇਤ ਪਾਈ ਗਈ ਹੈ।

ਲਾਇਸੰਸ ਪਲੇਟਾਂ ਨਾਲ ਕਿਸੇ ਵੀ ਤਰ੍ਹਾਂ ਦੀ ਦਿੱਕਤ ਸਬੰਧੀ ਦੋ ਹਫਤਿਆਂ ਤੱਕ ਟਾਲ-ਮਟੋਲ ਕਰਨ ਤੋਂ ਬਾਅਦ ਸਰਕਾਰ ਨੇ ਇਹ ਐਲਾਨ ਕੀਤਾ ਕਿ ਸਰਵਿਸ ਓਨਟਾਰੀਓ ਵੱਲੋਂ ਆਰਜ਼ੀ ਤੌਰ ਉੱਤੇ ਇਹ ਨੀਲੀਆਂ ਪਲੇਟਾਂ ਜਾਰੀ ਕਰਨੀਆਂ ਬੰਦ ਕਰ ਦਿੱਤੀਆਂ ਜਾਣਗੀਆਂ। ਇਹ ਵੀ ਆਖਿਆ ਗਿਆ ਕਿ ਜਦੋਂ ਤੱਕ ਕੋਈ ਨਵਾਂ ਡਿਜ਼ਾਈਨ ਤਿਆਰ ਨਹੀਂ ਕਰ ਲਿਆ ਜਾਂਦਾ ਉਦੋਂ ਤੱਕ ਪੁਰਾਣੇ ਡਿਜ਼ਾਈਨ ਨੂੰ ਹੀ ਜਾਰੀ ਰੱਖਿਆ ਜਾਵੇਗਾ। ਪਰ ਮਈ ਵਿੱਚ ਕੋਵਿਡ-19 ਮਹਾਂਮਾਰੀ ਦੀ ਮਾਰ ਵੱਧ ਜਾਣ ਕਾਰਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਆਫਿਸ ਵੱਲੋਂ ਆਖਿਆ ਗਿਆ ਕਿ ਸਰਕਾਰ ਇਨ੍ਹਾਂ ਪਲੇਟਾਂ ਵਿੱਚ ਆਪਣਾ ਸਮਾਂ ਤੇ ਊਰਜਾ ਹੋਰ ਨਿਵੇਸ਼ ਨਹੀਂ ਕਰ ਸਕਦੀ।

## ਕਿੰਗਸਟਨ ਦੇ ਦੂਜੇ ਨੇਲ ਸੈਲੋਂ ਦਾ ਕਰਮਚਾਰੀ ਪਾਇਆ ਗਿਆ ਕੋਵਿਡ-19 ਪਾਜ਼ੀਟਿਵ




ਕਿੰਗਸਟਨ, ਓਨਟਾਰੀਓ, 28 ਜੂਨ (ਪੋਸਟ ਬਿਊਰੋ) : ਕਿੰਗਸਟਨ ਵਿੱਚ ਇੱਕ ਹੋਰ ਨੇਲ ਸੈਲੋਂ (nail salon) ਸਿਟੀ ਵਿੱਚ ਕੋਵਿਡ-19 ਆਊਟਬ੍ਰੇਕ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਕਿੰਗਡਮ ਨੇਲਜ਼ ਐਂਡ ਸਪਾਅ ਵੱਲੋਂ ਸ਼ਨਿੱਚਰਵਾਰ ਨੂੰ ਆਪਣੇ ਫੇਸਬੁੱਕ ਪੇਜ ਉੱਤੇ ਇੱਕ ਮੈਸੇਜ ਪਾਇਆ ਗਿਆ, ਜਿਸ ਵਿੱਚ ਆਪਣੇ ਗਾਹਕਾਂ ਨੂੰ ਦੱਸਿਆ ਗਿਆ ਸੀ ਕਿ ਫੌਰਚੂਨ ਕ੍ਰੀਸੈਂਟ ਉੱਤੇ ਸਥਿਤ ਇਸ ਸੈਲੋਂ ਦੇ ਇੱਕ ਕਰਮਚਾਰੀ ਦੇ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਇਸ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ। ਪੋਸਟ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਅਸੀਂ ਇਸ ਮਾਮਲੇ ਨੂੰ ਬੜੀ ਗੰਭੀਰਤਾ ਨਾਲ ਲੈ ਰਹੇ ਹਾਂ ਤੇ ਹਰ ਕਿਸੇ ਦੀ ਸੇਫਟੀ ਲਈ ਕੇਐਫਐਲਏ ਹੈਲਥ ਯੂਨਿਟ ਨਾਲ ਰਲ ਕੇ ਕੰਮ ਕਰ ਰਹੇ ਹਾਂ। ਹਾਲਾਂਕਿ ਅਸੀਂ ਸਾਰੇ ਨਿਯਮਾਂ ਨੂੰ ਧਿਆਨ ਵਿੱਚ ਰੱਖਕੇ ਚੱਲ ਰਹੇ ਹਾਂ ਤੇ ਸਾਡੇ ਵੱਲੋਂ ਸੇਫਟੀ ਸਬੰਧੀ ਕਿਸੇ ਨਿਯਮ ਦੀ ਉਲੰਘਣਾ ਨਹੀਂ ਕੀਤੀ ਗਈ, ਸਾਨੂੰ ਲੱਗਦਾ ਹੈ ਕਿ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਜਿਹਾ ਭਵਿੱਖ ਵਿੱਚ ਨਹੀਂ ਹੋਵੇਗਾ। ਜਦੋਂ ਤੱਕ ਪਬਲਿਕ ਹੈਲਥ ਡਿਪਾਰਟਮੈਂਟ ਵੱਲੋਂ ਹਰੀ ਝੰਡੀ ਨਹੀਂ ਮਿਲ ਜਾਂਦੀ ਅਸੀਂ ਕੰਮ ਬੰਦ ਰੱਖਾਂਗੇ। ਜ਼ਿਕਰਯੋਗ ਹੈ ਕਿ ਕੋਵਿਡ-19 ਰੀਓਪਨਿੰਗ ਪਲੈਨ ਤਹਿਤ ਰੀਜਨ ਦੇ ਦੂਜੇ ਪੜਾਅ ਵਿੱਚ ਦਾਖਲ ਹੋਣ ਉਪਰੰਤ 12 ਜੂਨ ਤੋਂ ਪੂਰਬੀ ਓਨਟਾਰੀਓ ਵਿੱਚ ਸੈਲੋਂ, ਬਾਰਬਰ ਸ਼ੌਪਜ਼ ਤੇ ਸਪਾਅ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਬਿੰਨ੍ਹਜ਼ ਨੇਲਜ਼ ਐਂਡ ਸਪਾਅ ਦੇ ਦਸ ਵਰਕਰਜ਼ ਵਿੱਚੋਂ ਛੇ ਪਾਜ਼ੀਟਿਵ ਪਾਏ ਗਏ ਸਨ। ਇਸ ਦੇ ਨਾਲ ਹੀ ਤਿੰਨ ਕਲਾਇੰਟਸ ਤੇ ਸੱਤ ਹੋਰ ਵਿਅਕਤੀ, ਜੋ ਉਨ੍ਹਾਂ ਦੇ ਸੰਪਰਕ ਵਿੱਚ ਆਏ ਸਨ, ਪਾਜ਼ੀਟਿਵ ਪਾਏ ਗਏ ਸਨ। ਹੁਣ ਬਿੰਨ੍ਹਜ਼ ਸਪਾਅ ਨਾਲ ਸਬੰਧਤ 21 ਵਿਅਕਤੀ ਪਾਜ਼ੀਟਿਵ ਪਾਏ ਜਾ ਚੁੱਕੇ ਹਨ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202
To Reach Wider Audience

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598







**FRESH & LARGE VARIETY**

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਮਾਂਟਰੀਅਲ ਵਿੱਚ 13 ਸਾਲਾ ਲੜਕੇ ਤੇ ਦੋ ਹੋਰਨਾਂ ਉੱਤੇ ਜਾਨਲੇਵਾ ਹਮਲਾ



ਮਾਂਟਰੀਅਲ, 28 ਜੂਨ (ਪੋਸਟ ਬਿਊਰੋ) : ਮਾਂਟਰੀਅਲ ਦੇ ਲਿਟਲ ਬਰਗੰਡੀ ਡਿਸਟ੍ਰਿਕਟ ਵਿੱਚ ਸ਼ਨਿੱਚਰਵਾਰ ਸ਼ਾਮ ਨੂੰ ਜ਼ਾਹਰਾ ਤੌਰ ਉੱਤੇ ਕਤਲ ਦੀ ਕੀਤੀ ਗਈ ਕੋਸ਼ਿਸ਼ ਦੇ ਮਾਮਲੇ ਦੀ ਜਾਂਚ ਮਾਂਟਰੀਅਲ ਪੁਲਿਸ (ਐਸਪੀਵੀਐਮ) ਵੱਲੋਂ ਕੀਤੀ ਜਾ ਰਹੀ ਹੈ। ਸੇਂਟ ਮਾਰਟਿਨ ਤੇ ਟੈਰੇਸੇ ਕੋਰਸਲ ਸਟਰੀਟਸ ਨੇੜੇ ਕਈ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਣ ਸਬੰਧੀ ਰਾਤੀਂ 10:50 ਦੇ ਨੇੜੇ ਤੇੜੇ 911 ਉੱਤੇ ਕਈ ਕਾਲਜ਼ ਕੀਤੀਆਂ ਗਈਆਂ। ਐਸਪੀਵੀਐਮ ਦੇ ਤਰਜ਼ਮਾਨ ਆਫੀਸਰ ਜੀਨ ਪਿਏਰੇ ਬ੍ਰੈਬੈਂਟ ਨੇ ਆਖਿਆ ਕਿ ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ 25 ਸਾਲਾ ਵਿਅਕਤੀ ਮਿਲਿਆ ਜਿਸ ਦੇ ਗੋਲੀ ਲੱਗੀ ਸੀ। ਉਸ ਵਿਅਕਤੀ ਨੂੰ ਹਸਪਤਾਲ ਭੇਜ ਦਿੱਤਾ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਇੱਕ 13 ਸਾਲਾ ਲੜਕੇ ਨੂੰ ਵੀ ਸ਼ਰੀਰ ਦੇ ਹੇਠਲੇ ਹਿੱਸੇ ਵਿੱਚ ਗੋਲੀ ਲੱਗਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਵੀ ਸਥਿਰ ਦੱਸੀ ਜਾਂਦੀ ਹੈ। ਇੱਕ ਹੋਰ 31 ਸਾਲਾ ਵਿਅਕਤੀ ਬਾਅਦ ਵਿੱਚ ਹਸਪਤਾਲ ਪਹੁੰਚਿਆ, ਉਸ ਦੇ ਸ਼ਰੀਰ ਦੇ ਵੀ ਹੇਠਲੇ ਹਿੱਸੇ ਵਿੱਚ ਗੋਲੀ ਲੱਗੀ ਸੀ ਤੇ ਉਸ ਦੀ ਹਾਲਤ ਵੀ ਸਥਿਰ ਹੈ। ਇਨ੍ਹਾਂ ਵਿਅਕਤੀਆਂ ਉੱਤੇ ਗੋਲੀਆਂ ਕਿਹੋ ਜਿਹੇ ਹਾਲਾਤ ਵਿੱਚ ਤੇ ਕਿਉਂ ਚਲਾਈਆਂ ਗਈਆਂ, ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ। ਐਸਪੀਵੀਐਮ ਜਾਂਚਕਾਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਏਜੰਟ ਬ੍ਰੈਬੈਂਟ ਅਨੁਸਾਰ ਉਨ੍ਹਾਂ ਨੂੰ ਮੌਕੇ ਉੱਤੇ ਗੋਲੀਆਂ ਦੇ ਕਈ ਖੋਲ ਮਿਲੇ। ਫੋਰੈਂਸਿਕ ਮਾਹਿਰਾਂ ਨੂੰ ਵੀ ਮੌਕੇ ਉੱਤੇ ਸੱਦਿਆ ਗਿਆ ਹੈ। ਸੂਹੀਆਂ ਕੁੱਤਿਆਂ ਨੂੰ ਵੀ ਪੁਲਿਸ ਨੇ ਮੌਕੇ ਉੱਤੇ ਲਿਆਂਦਾ। ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

# ਨਵਜੋਤ ਸਿੱਧੂ ਨੇ 'ਸਪੀਕ ਅੱਪ ਇੰਡੀਆ' ਪ੍ਰੋਗਰਾਮ ਵਿੱਚ ਲਾਈਵ ਹੋ ਕੇ ਚੁੱਪ ਤੋੜੀ

### * ਨਾਂਅ ਲਏ ਬਿਨਾਂ ਕਈ ਧਿਰਾਂ ਵਿਰੁੱਧ ਚਾਂਦਮਾਰੀ



ਅੰਮ੍ਰਿਤਸਰ, 28 ਜੂਨ, (ਪੋਸਟ ਬਿਊਰੋ)- ਇੰਡੀਅਨ ਓਵਰਸੀਜ਼ ਕਾਂ-ਗਰਸ ਵੱਲੋਂ ਕਰਾਏ ਗਏ 'ਸਪੀਕ ਅੱਪ ਇੰਡੀਆ' ਦੇ ਲਾਈਵ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਇਕ ਵਾਰ ਫਿਰ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਨਾਲ ਇਹ ਕਿਹਾ ਕਿ 'ਮੈਂ ਇਸ ਪ੍ਰੋਗਰਾਮ ਵਿੱਚ ਸੈਮ ਪਿਤ੍ਰੋਦਾ ਦੇ ਕਹਿਣ ਉੱਤੇ ਸ਼ਾਮਲ ਹੋਇਆ ਹਾਂ, ਬੜੀ ਦੇਰ ਕਰ ਦਿੱਤੀ ਜਨਾਬ ਆਉਂਦੇ-ਆਉਂਦੇ, ਪਰ ਦੇਰ ਆਏ ਦਰੁਸਤ ਆਏ।'

ਨਵਜੋਤ ਸਿੰਘ ਸਿੱਧੂ ਨੇ ਆਪਣੇ ਵਿਸ਼ੇਸ਼ ਸ਼ਾਇਰਾਨਾ ਅੰਦਾਜ਼ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਲਏ ਬਿਨਾਂ ਆਪਣੇ ਵਿਰੋਧੀਆਂ ਉੱਤੇ ਤਿੱਖੇ ਹਮਲੇ ਕੀਤੇ ਤੇ ਸ਼ੁਰੂ ਵਿੱਚ ਹੀ ਕਹਿ ਦਿੱਤਾ ਕਿ 'ਉਹ ਦਰਿਆ ਹੀ ਨਹੀਂ, ਜਿਸ ਵਿੱਚ ਨਹੀਂ ਰਵਾਨੀ, ਜਦ ਜੋਸ਼ ਹੀ ਨਹੀਂ ਤਾਂ ਲੱਲ੍ਹਾ ਕਿਸ ਕੰਮ ਦੀ ਜਵਾਨੀ'।

ਪ੍ਰਵਾਸੀ ਭਾਰਤੀਆਂ ਦਾ ਦਰਦ ਬਿਆਨਦੇ ਸਿੱਧੂ ਨਵਜੋਤ ਸਿੰਘ ਨੇ ਕਿਹਾ ਕਿ ਆਦਮੀ ਵਤਨ ਤੋਂ ਹਜ਼ਾਰਾਂ ਮੀਲ ਦੂਰ ਚਲਾ ਜਾਵੇ, ਉਸ ਦੇ ਮਨ ਵਿੱਚ ਮਾਤ-ਭੂਮੀ ਦਾ ਪਿਆਰ ਹਮੇਸ਼ਾ ਰਹਿੰਦਾ ਹੈ। ਅੱਜ ਪ੍ਰਵਾਸੀਆਂ ਨੂੰ ਆਪਣੇ ਨਾਲ ਜੋੜਨ ਦੀ ਲੋੜ ਹੈ, ਤਦੇ ਪੰਜਾਬ ਨੂੰ ਬਦਲ ਸਕਾਂਗੇ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਤੁਹਾਨੂੰ ਮਾਣ-ਸਨਮਾਨ ਮਿਲਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਪੰਜਾਬ ਤੇ ਦੇਸ਼ ਦੀ ਤਸਵੀਰ ਬਦਲਣੀ ਹੈ ਤਾਂ ਓਵਰਸੀਜ਼ ਇੰਡੀਅਨ ਦੇ ਬਿਨਾਂ ਸੰਭਵ ਨਹੀਂ। ਜਦ ਵੀ ਕਦੇ ਦੇਸ਼ ਅਤੇ ਰਾਜ ਉੱਤੇ ਆਫਤ ਆਵੇਗੀ ਤਾਂ ਸਿਆਸੀ ਹੋਣਾ ਪਵੇਗਾ, ਗੈਰ-ਸਿਆਸੀ ਤਾਂ ਬਘਿਆੜ ਹੁੰਦੇ ਹਨ: ਸੌ ਭੇਡਾਂ ਅੱਗੇ ਇਕ ਸ਼ੇਰ ਲਾ ਦਿਓ ਤਾਂ ਭੇਡਾਂ ਵੀ ਸ਼ੇਰ ਹੋ ਜਾਂਦੀਆਂ ਹਨ, ਸੌ ਸ਼ੇਰਾਂ ਦੇ ਅੱਗੇ ਇਕ ਭੇਡ ਲਾ ਦਈਏ ਤਾਂ ਸ਼ੇਰ ਵੀ ਭੇਡ ਬਣ ਜਾਂਦੇ ਹਨ। ਸਿੱਧੂ ਨੇ ਕਿਹਾ ਕਿ ਮੈਂ ਪੰਜਾਬ ਦੀਆਂ ਮੁਸ਼ਕਲਾਂ ਦਾ ਹੱਲ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਸਾਨੂੰ ਹਵਾਈ ਰਾਜਨੀਤੀ ਤੋਂ ਬਾਹਰ ਹੋ ਕੇ ਜ਼ਮੀਨ ਉੱਤੇ ਆਉਣ ਦੀ ਲੋੜ ਹੈ। ਛੁਰਲੀਆਂ ਵਾਲੀ ਰਾਜਨੀਤੀ ਛੱਡਣੀ ਹੋਵੇਗੀ। ਮੈਂ ਨੀਤੀ, ਇਰਾਦੇ ਅਤੇ ਨਿਆਂ ਵਿੱਚ ਵਿਸ਼ਵਾਸ ਰੱਖਦਾਂ ਹਾਂ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਨੂੰ 'ਬ੍ਰਾਂਡ ਪੰਜਾਬ' ਬਣਾਉਣ ਦੀ ਲੋੜ ਹੈ। ਸਾਡੇ ਦੋ ਫੀਸਦੀ ਲੋਕ ਦੁਨੀਆ ਦਾ ਢਿੱਡ ਭਰ ਰਹੇ ਹਨ। ਮੈਂ 32 ਕਰੋੜ ਦੀ ਆਮਦਨੀ ਛੱਡ ਕੇ ਕਰੀਅਰ ਬਣਾਉਣ ਨਹੀਂ ਆਇਆ। ਸਿੱਧੂ ਅੱਜ ਵੀ ਪੰਜਾਬ ਦੇ ਨਾਲ ਖੜਾ ਹੈ। ਮੈਂ ਨੀਤੀ, ਨੀਤ ਅਤੇ ਇਨਸਾਫ ਮੰਗਦਾਂ ਹਾਂ। ਅੱਜ ਸਿਆਸਤ ਮੈਲੀ ਹੋ ਗਈ ਹੈ। ਆਗੂ ਕਠਪੁਤਲੀਆਂ ਬਣ ਗਏ ਹਨ। ਉਹ ਖੁਦ ਦੇ ਨਫੇ-ਨੁਕਸਾਨ ਨੂੰ ਨਾ ਦੇਖ ਕੇ ਜਨਤਾ ਦੀ ਸੋਚਣ। ਸਾਨੂੰ ਰੇਡ, ਪਰਚਿਆਂ ਅਤੇ ਇਨਕਵਾਰੀਆਂ ਤੋਂ ਨਹੀਂ ਡਰਨਾ ਚਾਹੀਦਾ। ਮੈਂ ਇਨ੍ਹਾਂ ਮੁੱਦਿਆਂ ਉੱਤੇ ਚੁੱਪ ਹੋ ਕੇ ਨਹੀਂ ਬੈਠ ਸਕਦਾ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਅੱਜ ਜ਼ਰੂਰਤ 'ਪਗੜੀ ਸੰਭਾਲ ਜੱਟਾ' ਦੀ ਹੈ।

ਸਾਬਕਾ ਕ੍ਰਿਕਟ ਖਿਡਾਰੀ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਟੈਲੇਂਟ ਨੂੰ ਮੌਕਾ ਨਾ ਮਿਲਣ ਕਾਰਨ ਉਹ ਵਿਦੇਸ਼ ਵੱਲ ਭੱਜ ਰਹੇ ਹਨ। ਚੋਣਾਂ ਅਗਲੀਆਂ ਚੋਣਾਂ ਲਈ ਨਹੀਂ ਹੁੰਦੀਆਂ। ਸਿਸਟਮ ਲੋਕਾਂ ਨੂੰ ਖਾ ਰਿਹਾ ਹੈ ਅਤੇ ਫੇਲ ਹੋ ਗਿਆ ਹੈ। ਉਸ ਦਾ ਸੁਧਾਰ ਕਿਉਂ ਨਹੀਂ ਕਰਦੇ। ਨੌਜਵਾਨਾਂ ਨੂੰ ਕੁਆਲਿਟੀ ਐਜੂਕੇਸ਼ਨ ਤੇ ਮੌਕੇ ਦੇਣ ਦੀ ਲੋੜ ਹੈ। ਯੂਥ ਨੀਤੀ ਬਣਾਉਣੀ ਹੋਵੇਗੀ ਤਾਂ ਜੋ ਸਾਡਾ ਟੈਲੇਂਟ ਵਿਦੇਸ਼ ਨਾ ਜਾਵੇ। ਪੰਜਾਬ ਦਾ ਪੈਸਾ ਪ੍ਰਾਈਵੇਟ ਜੇਬਾਂ ਵਿੱਚ ਜਾ ਰਿਹਾ ਹੈ, ਲੋਕਾਂ ਦਾ ਪੈਸਾ ਲੋਕਾਂ ਕੋਲ ਜਾਣਾ ਚਾਹੀਦਾ ਹੈ। ਅਜੇ ਡੈਮੇਜ ਕੰਟਰੋਲ ਹੋ ਸਕਦਾ ਹੈ, ਦੇਰ ਹੋ ਗਈ ਤਾਂ ਡੈਮੇਜ ਕੰਟਰੋਲ ਨਹੀਂ ਹੋਵੇਗਾ।

ਸ਼ਾਇਰਾਨਾ ਅੰਦਾਜ਼ ਵਿੱਚ ਨਵਜੋਤ ਸਿੱਧੂ ਨੇ ਪੰਜਾਬ ਦੇ ਘਟਦੇ ਰੈਵੇਨਿਊ ਬਾਰੇ ਕਿਹਾ, 'ਤਾਲੀਉਂ ਕਾ ਜ਼ੋਰ ਇਤਨਾ, ਤਹਿਜ਼ੀਬ ਕਾ ਸ਼ੋਰ ਇਤਨਾ, ਬਰਕਤ ਕਿਉਂ ਨਹੀਂ ਹੋਈ, ਤੁਮਾਰੀ ਨੀਤ ਮੇਂ ਖਰਾਬੀ ਹੈ।' ਸਾਲ 1997 ਵਿੱਚ ਪੰਜਾਬ ਉੱਤੇ 15000 ਕਰੋੜ ਰੁਪਏ ਕਰਜ਼ਾ ਸੀ, ਸਾਲ 2001 ਵਿੱਚ ਵਧ ਕੇ 32,496 ਕਰੋੜ ਰੁਪਏ ਹੋ ਗਿਆ। ਸਾਲ 2007 ਵਿੱਚ 48,344 ਹਜ਼ਾਰ ਕਰੋੜ ਰੁਪਏ ਤੋਂ ਹੁੰਦਾ 2017 ਵਿੱਚ ਡੇਢ ਲੱਖ ਕਰੋੜ ਤੇ 1,87,000 ਕਰੋੜ ਰੁਪਏ ਅਤੇ ਅੱਜ ਇਹ 2,48,000 ਕਰੋੜ ਰੁਪਏ ਹੋ ਗਿਆ ਹੈ। ਸਰਕਾਰੀ ਜਾਇਦਾਦਾਂ ਗਹਿਣੇ ਪਈਆਂ ਹਨ। ਉਨ੍ਹਾਂ ਕਿਹਾ ਕਿ ਮੈਂ ਸਮੱਸਿਆ ਦੇ ਨਾਲ ਸੰਜੀਵਨੀ ਦੱਸਦਾ ਹਾਂ। ਅੱਜ ਲੋੜ ਹੈ ਕਿ ਅਸੀਂ ਤਮਿਲ ਨਾਡੂ ਵਾਂਗ ਸ਼ਰਾਬ ਅਤੇ ਰੇਤ ਦਾ ਰੈਵੇਨਿਊ ਵਧਾਈਏ। ਇਹ ਪੈਸੇ ਕੁਝ ਲੋਕਾਂ ਦੀ ਜੇਬ ਵਿੱਚ ਜਾਣ ਦੀ ਥਾਂ ਪੰਜਾਬ ਦੀ ਵਿਕਾਸ ਲਈ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਕਮਾਂ ਨੇ ਪੰਜਾਬ ਗਹਿਣੇ ਰੱਖ ਦਿੱਤਾ ਹੈ। ਮੇਰਾ ਮਨ ਓਦੋਂ ਖੁਸ਼ ਹੋਵੇਗਾ, ਜਦੋਂ ਕਿਸੇ ਰਿਕਸ਼ਾ ਚਾਲਕ ਦਾ ਬੇਟਾ ਸਰਕਾਰੀ ਸਕੂਲ ਵਿੱਚ ਪੜ੍ਹਨ ਪਿੱਛੋਂ ਆਈ ਏ ਐੱਸ ਅਫਸਰ ਬਣੇਗਾ, ਉਹ ਅਸਲ ਪੰਜਾਬ ਹੋਵੇਗਾ।

ਸਿਆਸੀ ਪੱਖ ਤੋਂ ਸਿੱਧੂ ਨੇ ਕਿਹਾ ਕਿ ਭਾਜਪਾ ਨਾਲ ਲੜਾਈ ਲਈ ਗਾਂਧੀਵਾਦੀ ਨੀਤੀ ਅਪਣਾਉਣ ਦੀ ਲੋੜ ਹੈ ਅਤੇ ਲੜਾਈ ਕਾਗਜ਼ਾਂ ਨਾਲ ਨਹੀਂ, ਵਿਚਾਰਧਾਰਾ ਨਾਲ ਲੜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਐੱਨ ਆਰ ਆਈਜ਼ ਦੀਆਂ ਜ਼ਮੀਨਾਂ ਤੋਂ ਕਬਜ਼ੇ ਹਟਾ ਕੇ ਉਨ੍ਹਾਂ ਨੂੰ ਨਿਵੇਸ਼ ਲਈ ਮੌਕੇ ਦਿੱਤੇ ਜਾਣ। ਅੰਤ ਵਿਚ ਸਿੱਧੂ ਨੇ ਕਿਹਾ, 'ਵਤਨ ਕੀ ਫਿਕਰ ਕਰ ਐ ਨਾਦਾਨ,
ਮੁਸੀਬਤ ਆਨੇ ਵਾਲੀ ਹੈ, ਤੇਰੀ ਬਰਬਾਦੀਉਂ ਕੇ ਮਸ਼ਵਰੇ ਹੈ ਆਸਮਾਨੋਂ ਮੇਂ, ਅਬ ਨਾ ਸੰਭਲੋਗੇ ਤੋ ਮਿਟ ਜਾਓਗੇ ਪੰਜਾਬ ਵਾਲੋ, ਤੁਮਹਾਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋ ਮੇਂ।'

# ਕਰਤਾਰਪੁਰ ਲਾਂਘਾ ਖੋਲ੍ਹਣ ਦੀ ਪਾਕਿ ਦੀ ਪੇਸ਼ਕਸ਼ ਭਾਰਤ ਵੱਲੋਂ ਸਿਹਤ ਦੇ ਕਾਰਨਾਂ ਕਰ ਕੇ ਰੱਦ



ਚੰਡੀਗੜ੍ਹ, 28 ਜੂਨ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਦੇ ਕਾਰਨ ਲੱਗੇ ਹੋਏ ਲਾਕਡਾਊਨ ਪਿੱਛੋਂ ਜਦੋਂ ਆਮ ਜੀਵਨ ਇੱਕ ਫਿਰ ਹੌਲੀ-ਹੌਲੀ ਪਟੜੀ ਉੱਤੇ ਆਉਣ ਲੱਗਾ ਹੈ, ਓਦੋਂ ਇੱਕ ਦੇਸ਼ ਤੋਂ ਦੂਸਰੇ ਵਿੱਚ ਜਾਣ ਤੇ ਇਕ ਰਾਜ ਤੋਂ ਦੂਸਰੇ ਰਾਜ ਵਿੱਚ ਲੋਕਾਂ ਦੇ ਜਾਣ-ਆਉਣ ਬਾਰੇ ਵੀ ਸਵਾਲ ਉੱਠਣ ਲੱਗ ਪਏ ਹਨ। ਇਸ ਦੌਰਾਨ ਭਾਰਤ ਦੇ ਗਵਾਂਢੀ ਦੇਸ਼ ਪਾਕਿਸਤਾਨ ਦੀ ਸਰਕਾਰ ਨੇ ਸਿੱਖਾਂ ਲਈ ਪਵਿੱਤਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਐਲਾਨ ਅਚਾਨਕ ਕਰ ਕੇ ਸਭ ਨੂੰ ਹੈਰਾਨ ਕਰ ਦਿਤਾ ਹੈ। ਇਹ ਐਲਾਨ ਓਦੋਂ ਕੀਤਾ ਗਿਆ, ਜਦੋਂ ਦੋਵੇਂ ਦੇਸ਼ਾਂ ਵਿੱਚ ਕਰੋਨਾ ਦੇ ਕੇਸ ਵਧ ਰਹੇ ਹਨ ਤੇ ਸਰਹੱਦਾਂ ਉੱਤੇ ਵੀ ਦੋਵਾਂ ਦੇਸ਼ਾਂ ਵਿਚਾਲੇ ਤਨਾਅ ਵਾਲਾ ਮਾਹੌਲ ਹੈ। ਇਸ ਅਚਾਨਕ ਹੋਈ ਪੇਸ਼ਕਸ਼ ਬਾਰੇ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਭਾਰਤ ਨੇ ਹਾਲ ਦੀ ਘੜੀ ਹੁੰਗਾਰਾ ਭਰਨ ਤੋਂ ਇਨਕਾਰ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਬੀਤੇ ਸ਼ਨੀਵਾਰ ਪਾਕਿਸਤਾਨ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 29 ਜੂਨ ਦੇ ਦਿਨ ਇਹ ਲਾਂਘਾ ਫਿਰ ਖੋਲ੍ਹਣ ਦੀ ਪੇਸ਼ਕਸ਼ ਕੀਤੀ ਸੀ ਅਤੇ ਭਾਰਤ ਨੇ ਇਸ ਨੂੰ ਕੁਝ ਘੰਟਿਆਂ ਬਾਅਦ ਰੱਦ ਕਰ ਦਿਤਾ ਹੈ। ਇਸ ਸੰਬੰਧ ਵਿੱਚ ਸਰਕਾਰ ਨੇ ਕਿਹਾ ਹੈ ਕਿ ਇਸ ਦਾ ਫ਼ੈਸਲਾ ਸਿਹਤ ਅਥਾਰਿਟੀ ਤੇ ਹੋਰ ਸਬੰਧਤ ਧਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਿਆ ਜਾਵੇਗਾ, ਕਿਉਂਕਿ ਇਹ ਯਾਤਰਾ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਬੰਦ ਕੀਤੀ ਗਈ ਸੀ ਅਤੇ ਅਜੇ ਵੀ ਹਾਲਾਤ ਵਿੱਚ ਯਾਤਰਾ ਚਲਾਉਣ ਜੋਗਾ ਸੁਧਾਰ ਨਹੀਂ ਆਇਆ।

ਭਾਰਤ ਨੇ ਪਾਕਿਸਤਾਨ ਉੱਤੇ ਇਸ ਯਾਤਰਾ ਬਾਰੇ ਘੱਟ ਸੁਹਿਰਦ ਹੋਣ ਦਾ ਦੋਸ਼ ਲਾ ਕੇ ਕਿਹਾ ਕਿ ਉਸ ਨੇ ਏਦਾਂ ਦੀ ਪੇਸ਼ਕਸ਼ ਯਾਤਰਾ ਵਾਲੇ ਦਿਨ 29 ਜੂਨ ਤੋਂ ਸਿਰਫ ਦੋ ਦਿਨ ਪਹਿਲਾਂ ਕੀਤੀ ਹੈ, ਜਦੋਂ ਦੁਵੱਲੇ ਸਮਝੌਤੇ ਹੇਠ ਅਜਿਹੀ ਸੂਚਨਾ ਯਾਤਰਾ ਦੀ ਤਰੀਕ ਤੋਂ ਘੱਟੋ-ਘੱਟ ਸੱਤ ਦਿਨ ਪਹਿਲਾਂ ਦੇਣੀ ਹੁੰਦੀ ਹੈ, ਕਿਉਂਕਿ ਇਸ ਯਾਤਰਾ ਦੇ ਲਈ ਭਾਰਤ ਨੇ ਪਹਿਲਾਂ ਰਜਿਸਟਰੇਸ਼ਨ ਕਰਨੀ ਹੁੰਦੀ ਹੈ। ਇਸ ਤੋਂ ਬਿਨਾ ਪਾਕਿਸਤਾਨ ਨੇ ਦੁਵੱਲੇ ਸਮਝੌਤੇ ਹੇਠ ਵਾਅਦੇ ਦੇ ਬਾਵਜੂਦ ਰਾਵੀ ਨਦੀ ਦੀ ਮਾਰ ਹੇਠ ਆਉਂਦੇ ਇਲਾਕੇ ਵਿਚ ਪੁਲ ਵੀ ਨਹੀਂ ਬਣਾਇਆ ਤੇ ਮੌਨਸੂਨ ਦੇ ਵਕਤ ਇਸ ਦਾ ਮੁਲੰਕਣ ਕਰਨ ਦੀ ਲੋੜ ਹੈ, ਤਾਂ ਜੋ ਲਾਂਘੇ ਰਾਹੀਂ ਸੁਰੱਖਿਅਤ ਤੀਰਥ ਯਾਤਰਾ ਕੀਤੀ ਜਾ ਸਕੇ।

ਭਾਰਤ ਸਰਕਾਰ ਨੇ ਕਰਤਾਰਪੁਰ ਕਾਰੀਡੋਰ ਨੂੰ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਦੇ ਯਤਨਾਂ ਕਾਰਨ ਹੀ 16 ਮਾਰਚ ਤੋਂ ਬੰਦ ਕਰ ਦਿਤਾ ਸੀ, ਜਿਸ ਤੋਂ ਬਾਅਦ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਲਈ ਸ਼ਰਧਾਲੂਆਂ ਦੇ ਜਾਣ ਉੱਤੇ ਰੋਕ ਲੱਗ ਗਈ ਸੀ।

## ਟਾਂਗਰਾ ਨੇੜੇ ਸੜਕ ਹਾਦਸੇ ਵਿੱਚ ਤਿੰਨ ਮੌਤਾਂ

ਬਿਆਸ, 28 ਜੂਨ (ਪੋਸਟ ਬਿਊਰੋ)- ਜਲੰਧਰ-ਅੰਮ੍ਰਿਤਸਰ ਜੀ ਟੀ ਰੋਡ ਉੱਤੇ ਟਾਂਗਰਾ ਨੇੜੇ ਮੁੱਛਲਾਂ ਵਾਲੇ ਮੋੜ ਉੱਤੇ ਇੱਕ ਤੇਜ਼ ਰਫ਼ਤਾਰ ਗੱਡੀ ਦੀ ਦੋ ਮੋਟਰ ਸਾਈਕਲਾਂ ਨਾਲ ਟੱਕਰ ਹੋਣ ਨਾਲ ਤਿੰਨ ਜਣਿਆਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਰਾਤ ਜੀ ਟੀ ਰੋਡ ਉੱਤੇ ਪਿੰਡ ਮੁੱਛਲ ਦੇ ਮੋੜ ਉੱਤੇ ਪਿੰਡ ਮੁੱਛਲ ਦੇ ਅਮਰੀਕ ਸਿੰਘ ਪੁੱਤਰ ਅਜੈਬ ਸਿੰਘ, ਗੋਬਿੰਦ ਰਾਮ ਪੰਮਾਂ ਪੁੱਤਰ ਪਿਆਰਾ ਰਾਮ ਮੋਟਰਸਾਈਕਲ ਉੱਤੇ ਅਤੇ ਵਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਪਿੰਡ ਥੋਥੀਆਂ ਦੂਸਰੇ ਮੋਟਰਸਾਈਕਲ ਉੱਤੇ ਪਿੰਡ ਮੁੱਛਲ ਤੋਂ ਪਿੰਡ ਥੋਥੀਆਂ ਜਾ ਰਹੇ ਸਨ। ਜਦ ਉਹ ਜੀ ਟੀ ਰੋਡ ਉੱਤੇ ਚੜ੍ਹਨ ਲੱਗੇ ਤਾਂ ਅੰਮ੍ਰਿਤਸਰ ਵੱਲੋਂ ਇੱਕ ਕਾਲੇ ਰੰਗ ਦੀ ਜੀਪ ਬੇਕਾਬੂ ਹੋ ਕੇ ਮੋਟਰਸਾਈਕਲ ਨੂੰ ਟੱਕਰ ਮਾਰ ਕੇ ਦਰੜਦੀ ਹੋਈ ਦਰਖ਼ਤ ਨਾਲ ਜਾ ਕੇ ਟਕਰਾਈ। ਇਸ ਹਾਦਸੇ ਦੌਰਾਨ ਅਮਰੀਕ ਸਿੰਘ ਤੇ ਗੋਬਿੰਦ ਰਾਮ ਪੰਮਾਂ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਵਰਿੰਦਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਅੰਮ੍ਰਿਤਸਰ ਹਸਪਤਾਲ ਲਿਜਾਇਆ ਜਾ ਰਿਹਾ ਸੀ, ਪਰ ਜ਼ਖ਼ਮਾਂ ਦੀ ਤਾਬ ਨਾਂ ਸਹਾਰਦਾ ਹੋਇਆ ਰਸਤੇ ਵਿੱਚ ਦਮ ਤੋੜ ਗਿਆ। ਗੱਡੀ ਸਵਾਰ ਆਪਣੀ ਗੱਡੀ ਉਥੇ ਛੱਡ ਕੇ ਚਲੇ ਗਏ। ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਰਜਿਸਟਰੇਸ਼ਨ ਮੁਤਾਬਿਕ ਇਹ ਗੱਡੀ ਸੰਦੀਪ ਕੌਰ ਕਪੂਰਥਲਾ ਦੇ ਨਾਂਅ ਹੈ। ਪੁਲਸ ਚੌਂਕੀ ਟਾਂਗਰਾ ਨੇ ਕੇਸ ਦਰਜ ਕਰ ਲਿਆ ਹੈ।

### ਮੋਦੀ ਦਾ ਚੀਨ ਨੂੰ ਦੋ-ਟੂਕ ਸੰਦੇਸ਼:

# ਭਾਰਤ ਅੱਖਾਂ ਵਿੱਚ ਅੱਖਾਂ ਪਾ ਕੇ ਢੁਕਵਾਂ ਜਵਾਬ ਦੇਣਾ ਵੀ ਜਾਣਦੈ

ਨਵੀਂ ਦਿੱਲੀ, 28 ਜੂਨ, (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਚੀਨ ਹਮੇਸ਼ਾਂ ਤੋਂ ਹੀ ਭਾਰਤ ਨੂੰ ਧੋਖਾ ਦਿੰਦਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਜਦੋਂ ਵੀ ਭਾਰਤ ਨੇ ਚੀਨ ਵੱਲ ਦੋਸਤੀ ਦਾ ਹੱਥ ਵਧਾਇਆ ਹੈ, ਚੀਨ ਨੇ ਇਸ ਦਾ ਜਵਾਬ ਹਮੇਸ਼ਾ ਧੋਖੇ ਤੇ ਫਰੇਬ ਦੇ ਰੂਪ ਵਿਚ ਦਿਤਾ ਹੈ। ਸਮੇਂ ਦੇ ਬਦਲਣ ਨਾਲ ਭਾਰਤ ਵੀ ਉਸ ਦੀਆਂ ਚਾਲਾਂ ਨੂੰ ਬਾਖੂਬੀ ਸਮਝਣ ਲੱਗ ਪਿਆ ਹੈ ਅਤੇ ਜਵਾਬ ਦੇਣਾ ਜਾਣਦਾ ਹੈ।

ਪਿਛਲੇ ਦਿਨਾਂ ਵਿੱਚ ਭਾਰਤ-ਚੀਨ ਅਸਲ ਕੰਟਰੋਲ ਰੇਖਾ ਨੇੜੇ ਗਲਵਾਨ ਘਾਟੀ ਵਿਚ ਹੋਈ ਝੜਪ ਦੌਰਾਨ ਭਾਰਤ ਦੇ ਵੀਹ ਜਵਾਨਾਂ ਦੀ ਮੌਤ ਦੇ ਬਾਅਦ ਇਸ ਦੇਸ਼ ਵਿੱਚ ਚੀਨ ਦੇ ਖਿਲਾਫ਼ ਗੁੱਸਾ ਤੇ ਨਫ਼ਰਤ ਸਿਖਰ ਉੱਤੇ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਨੂੰ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੰਦਿਆਂ ਅਪਣੀਆਂ ਕੂਟਿਲ ਚਾਲਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿਤੀ ਹੈ। ਨਰਿੰਦਰ ਮੋਦੀ ਨੇ ਅਪਣੇ ਪ੍ਰੋਗਰਾਮ 'ਮਨ ਕੀ ਬਾਤ' ਦੌਰਾਨ ਚੀਨ ਨੂੰ ਦੋ ਟੁਕ ਜਵਾਬ ਦੇਂਦਿਆਂ ਕਿਹਾ ਕਿ ਜੇ ਭਾਰਤ ਦੋਸਤੀ ਨਿਭਾਉਣੀ ਜਾਣਦਾ ਹੈ ਤਾਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਤੇ ਢੁਕਵਾਂ ਜਵਾਬ ਦੇਣਾ ਵੀ ਜਾਣਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਫ਼ੌਜੀ ਜਵਾਨਾਂ ਨੇ ਫਿਰ ਵਿਖਾ ਦਿਤਾ ਹੈ ਕਿ ਉਹ ਭਾਰਤ ਵੱਲ ਕਿਸੇ ਨੂੰ ਕੈਰੀ ਅੱਖ ਕਰ ਕੇ ਵੇਖਣ ਨਹੀਂ ਦੇਣਗੇ ਤੇ ਪੂਰੀ ਦੁਨੀਆ ਭਾਰਤ ਦੀ ਅਪਣੀ ਪ੍ਰਭੁਸੱਤਾ ਤੇ ਸਰਹੱਦਾਂ ਦੀ ਰਾਖੀ ਲਈ ਪ੍ਰਤੀਬੱਧਤਾ ਦੀ ਤਾਕਤ ਵੇਖ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲੱਦਾਖ ਵਿਚ ਸਾਡੀ ਫ਼ੌਜ ਨੇ ਸਾਡੀਆਂ ਸਰਹੱਦਾਂ ਵਿੱਚ ਵੜਨ ਵਾਲਿਆਂ ਨੂੰ ਢੁਕਵਾਂ ਜਵਾਬ ਦਿਤਾ ਹੈ। ਪ੍ਰਧਾਨ ਮੰਤਰੀ ਨੇ ਲੱਦਾਖ ਵਿੱਚ ਮਾਰੇ ਗਏ ਜਵਾਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਦੇਸ਼ ਅਪਣੇ ਸ਼ਹੀਦਾਂ ਨੂੰ ਯਾਦ ਕਰਦਾ ਹੈ। ਉਨ੍ਹਾਂ ਕਿਹਾ ਕਿ ਲੱਦਾਖ ਵਿਚ ਜਾਨਾਂ ਵਾਰ ਗਏ ਜਵਾਨਾਂ ਦੀ ਬਹਾਦਰੀ ਹਮੇਸ਼ਾ ਯਾਦ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਵਾਰਾਂ ਨੇ ਅਪਣੇ ਪੁੱਤਰ ਗੁਆ ਲਏ ਹਨ, ਉਹ ਅਪਣੇ ਹੋਰ ਬੱਚਿਆਂ ਨੂੰ ਵੀ ਫੌਜ ਵਿੱਚ ਭੇਜਣਾ ਚਾਹੁੰਦੇ ਹਨ। ਉਨ੍ਹਾਂ ਦੀ ਭਾਵਨਾ ਤੇ ਕੁਰਬਾਨੀ ਉੱਤੇ ਹਰ ਭਾਰਤੀ ਨੂੰ ਮਾਣ ਹੈ।

## ਪਰਵਾਸੀ ਮਜ਼ਦੂਰਾਂ ਦੀਆਂ ਲਾਪਤਾ ਤਿੰਨ ਮਾਸੂਮ ਬੱਚੀਆਂ ਦੀਆਂ ਲਾਸ਼ਾਂ ਕਾਰ ਵਿੱਚੋਂ ਮਿਲੀਆਂ

ਚਮਕੌਰ ਸਾਹਿਬ, 28 ਜੂਨ (ਪੋਸਟ ਬਿਊਰੋ)- ਸਥਾਨਕ ਭੂਰੜੇ ਰੋਡ 'ਤੇ ਸ਼ੁੱਕਰਵਾਰ ਬਾਅਦ ਦੁਪਹਿਰ ਖੇਡਦਿਆਂ ਭੇਦ ਭਰੀ ਹਾਲਤ ਵਿੱਚ ਲਾਪਤਾ ਹੋਈਆਂ ਪਰਵਾਸੀ ਮਜ਼ਦੂਰਾਂ ਦੀਆਂ ਤਿੰਨ ਬੱਚੀਆਂ ਦੀਆਂ ਲਾਸ਼ਾਂ ਕੱਲ੍ਹ ਸ਼ਾਮ ਸਥਾਨਕ ਪੁਲਸ ਨੂੰ ਇਨ੍ਹਾਂ ਪਰਵਾਸੀ ਮਜ਼ਦੂਰਾਂ ਦੇ ਘਰ ਦੇ ਨੇੜੇ ਖੜ੍ਹੀ ਕਾਰ 'ਚੋਂ ਮਿਲੀਆਂ ਹਨ।

ਪਤਾ ਲੱਗਾ ਹੈ ਕਿ ਤਿੰਨੇ ਮਾਸੂਮ ਬੱਚੀਆਂ ਗੁਰੀਆ (5) ਪੁੱਤਰੀ ਰਵੀ, ਆਸ਼ਾ (5) ਪੁੱਤਰੀ ਸੁਰੇਸ਼ ਸਾਹਨੀ ਅਤੇ ਸਵੀਟੀ (3) ਪੁੱਤਰੀ ਵਕੀਲ ਸਾਹਨੀ ਆਪਣੇ ਘਰ ਦੇ ਬਾਹਰ ਖੇਡ ਰਹੀਆਂ ਸਨ। ਸ਼ਾਮ ਨੂੰ ਘਰ ਨਾ ਆਈਆਂ ਤਾਂ ਮਾਪਿਆਂ ਨੇ ਮੁਹੱਲਾ ਵਾਸੀਆਂ ਨੂੰ ਨਾਲ ਲੈ ਕੇ ਇਨ੍ਹਾਂ ਦੀ ਆਲੇ ਦੁਆਲੇ ਤਲਾਸ਼ ਕੀਤੀ, ਪਰ ਕੁਝ ਪਤਾ ਨਹੀਂ ਲੱਗਾ। ਸਵੇਰੇ ਮਾਪਿਆਂ ਨੇ ਸਥਾਨਕ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ। ਦੇਰ ਸ਼ਾਮ ਪੁਲਸ ਨੂੰ ਸਰਚ ਆਪਰੇਸ਼ਨ ਦੌਰਾਨ ਕੋਲ ਖੜ੍ਹੀ ਇੰਡੀਕਾ ਕਾਰ ਵਿੱਚੋਂ ਬਦਬੂ ਆਉਣ 'ਤੇ ਜਦੋਂ ਕਾਰ ਦੀ ਤਾਕੀ ਖੋਲ੍ਹੀ ਤਾਂ ਉਸ ਵਿੱਚ ਤਿੰਨਾਂ ਮਾਸੂਮ ਬੱਚੀਆਂ ਦੀਆਂ ਲਾਸ਼ਾਂ ਪਈਆਂ ਸਨ।

ਥਾਣਾ ਮੁਖੀ ਗੁਰਸੇਵਕ ਸਿੰਘ ਬਰਾੜ ਅਨੁਸਾਰ ਹੋ ਸਕਦਾ ਹੈ ਕਿ ਬੱਚੀਆਂ ਖੇਡਦਿਆਂ ਕਾਰ ਵਿੱਚ ਵੜ ਗਈਆਂ ਹੋਣ ਤੇ ਬਾਅਦ ਵਿੱਚ ਨਿਕਲਣ ਦਾ ਪਤਾ ਨਾ ਲੱਗਣ ਕਾਰਨ ਅੰਦਰ ਹੀ ਦਮ ਤੋੜ ਗਈਆਂ ਹੋਣ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਅੱਜ ਨਾਮਾ

ਲੱਗੀਆਂ ਬਣਨ ਪੰਜਾਬ ਵਿੱਚ ਧਿਰਾਂ ਦੋ ਹੀ,
ਕੇਂਦਰ ਵਿਰੋਧੀ ਜਾਂ ਕੇਂਦਰ ਦੇ ਨਾਲ ਮੀਆਂ।
ਚੱਲਦੀ ਜਿੱਦਾਂ ਪਈ ਮੋਦੀ ਸਰਕਾਰ ਲੱਗਦੀ,
ਮੁਆਫਕ ਆਵੇ ਨਹੀਂ ਲੋਕਾਂ ਨੂੰ ਹਾਲ ਮੀਆਂ।
ਕਿਸਾਨੀ ਬਾਰੇ ਵੀ ਫੈਸਲਾ ਬਹੁਤ ਚੁਭਿਆ,
ਲੱਗਦੀ ਗੁੱਝੀ ਹੈ ਚੱਲੀ ਗਈ ਚਾਲ ਮੀਆਂ।
ਭਾਜਪਾ ਬਾਰੇ ਪੰਜਾਬ ਵਿੱਚ ਕੌੜ ਵਧ ਗਈ,
ਫਸ ਗਏ ਉਹਦੇ ਨੇ ਭਾਈ-ਭਿਆਲ ਮੀਆਂ।
ਅਕਾਲੀ ਕਹਿੰਦੇ ਕਿ ਫੈਸਲਾ ਠੀਕ ਹੈ ਨਹੀਂ,
ਬੁਰਾ ਸੁਖਬੀਰ ਨੂੰ ਅਜੇ ਤੱਕ ਜਾਪਦਾ ਨਹੀਂ।
ਮਜਬੂਰੀ ਆਪ ਨਹੀਂ ਬੋਲ ਕੇ ਦੱਸ ਸਕਦਾ,
ਵੱਖ ਫਿਰ ਮੋਦੀ ਤੋਂ ਰਾਗ ਅਲਾਪਦਾ ਨਹੀਂ।

**ਤੀਸ ਮਾਰ ਖਾਂ**

## ਹੈਰਾਨੀ ਭਰਿਆ ਭੇਦ ਖੁੱਲ੍ਹਾ

# ਹਰ ਖੁਫੀਆ ਜਾਣਕਾਰੀ ਰਾਸ਼ਟਰਪਤੀ ਟਰੰਪ ਨੂੰ ਨਹੀਂ ਦਿੱਤੀ ਜਾਂਦੀ



ਵਾਸ਼ਿੰਗਟਨ, 28 ਜੂਨ, (ਪੋਸਟ ਬਿਊਰੋ)- ਇਹ ਖਬਰ ਸੰਸਾਰ ਭਰ ਦੇ ਲੋਕਾਂ ਨੂੰ ਹੈਰਾਨ ਕਰਨ ਵਾਲੀ ਹੈ, ਪਰ ਇਹ ਸੱਚ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵ੍ਹਾਈਟ ਹਾਊਸ ਤੋਂ ਹਰ ਕੋਈ ਖੁਫੀਆ ਜਾਣਕਾਰੀ ਨਹੀਂ ਦਿੱਤੀ ਜਾਂਦੀ। ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਜਿਸ ਜਾਣਕਾਰੀ ਨੂੰ ਰਾਸ਼ਟਰਪਤੀ ਲਈ ਜ਼ਰੂਰੀ ਸਮਝਦਾ ਹੈ, ਸਿਰਫ ਉਹੀ ਉਨ੍ਹਾਂ ਨੂੰ ਦੱਸੀ ਜਾਂਦੀ ਹੈ, ਬਾਕੀ ਜਾਣਕਾਰੀਆਂ ਨੂੰ ਉਨ੍ਹਾਂ ਕੋਲੋਂ ਲੁਕਾ ਕੇ ਰੱਖਿਆ ਜਾਂਦਾ ਹੈ।

ਅਮਰੀਕੀ ਵੈੱਬਸਾਈਟ ਨਿਊਯਾਰਕ ਟਾਈਮਸ ਨੇ ਇਕ ਸਟੋਰੀ ਪੇਸ਼ ਕੀਤੀ ਹੈ, ਜਿਸ ਵਿਚ ਲਿਖਿਆ ਹੈ ਕਿ ਰੂਸ ਨੇ ਤਾਲਿਬਾਨ ਨੂੰ ਅਫਗਾਨਿਸਤਾਨ ਵਿਚ ਅਮਰੀਕੀ ਫ਼ੌਜੀਆਂ ਨੂੰ ਮਾਰਨ ਲਈ ਇਨਾਮ ਦੇਣ ਦਾ ਐਲਾਨ ਕੀਤਾ ਸੀ। ਰੂਸ ਨੇ ਤਾਲਿਬਾਨ ਨਾਲ ਜੁੜੇ ਅੱਤਵਾਦੀਆਂ ਨਾਲ ਕਿਸੇ ਤਰ੍ਹਾਂ ਸੰਪਰਕ ਕਰਕੇ ਕਿਹਾ ਕਿ ਜੇ ਉਹ ਅਮਰੀਕੀ ਫੌਜੀਆਂ ਦਾ ਨੁਕਸਾਨ ਕਰਨਗੇ ਤਾਂ ਇਸ ਦੇ ਬਦਲੇ ਉਨ੍ਹਾਂ ਨੂੰ ਇਨਾਮ ਦਿੱਤਾ ਜਾਵੇਗਾ। ਅਮਰੀਕਾ ਦੇ ਖੁਫੀਆ ਵਿਭਾਗ ਨੇ ਇਸ ਸਬੰਧੀ ਡੋਨਾਲਡ ਟਰੰਪ ਨੂੰ ਕੋਈ ਜਾਣਕਾਰੀ ਨਹੀਂ ਸੀ ਦਿੱਤੀ। ਜਦੋਂ ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਇਸ ਦੇ ਲਈ ਟਰੰਪ ਖੁਦ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਜਦ ਟਰੰਪ ਨੂੰ ਖੁਫੀਆ ਵਿਭਾਗ ਨੇ ਇਹ ਦੱਸਿਆ ਸੀ ਤਾਂ ਉਨ੍ਹਾਂ ਨੂੰ ਰੂਸ ਨੂੰ ਸਜ਼ਾ ਦੇਣੀ ਚਾਹੀਦੀ ਸੀ, ਪਰ ਟਰੰਪ ਨੇ ਏਦਾਂ ਨਹੀਂ ਕੀਤਾ। ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਿਡੇਨ ਨੇ ਇਕ ਰਿਪੋਰਟ ਦੇ ਹਵਾਲੇ ਨਾਲ ਡੋਨਾਲਡ ਟਰੰਪ ਉੱਤੇ ਜ਼ੋਰਦਾਰ ਹਮਲਾ ਕਰਦਿਆਂ ਕਿਹਾ ਕਿ ਜੇ ਇਹ ਸੱਚ ਹੈ ਤਾਂ ਕਮਾਂਡਰ ਇਨ ਚੀਫ ਵਜੋਂ ਸਾਡੇ ਰਾਸ਼ਟਰਪਤੀ ਵੱਲੋਂ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜੀਆਂ ਦੀ ਰੱਖਿਆ ਕਰਨ ਵਿਚ ਟਰੰਪ ਦੀ ਨਾਕਾਮੀ ਬਾਰੇ ਇਹ ਹੈਰਾਨ ਕਰਨ ਵਾਲੇ ਖ਼ੁਲਾਸੇ ਹਨ।

ਨਿਊਯਾਰਕ ਟਾਈਮਜ਼ ਨੇ ਬੀਤੇ ਸ਼ੁੱਕਰਵਾਰ ਦੱਸਿਆ ਸੀ ਕਿ ਅਮਰੀਕਾ ਦੇ ਖ਼ੁਫ਼ੀਆ ਅਧਿਕਾਰੀਆਂ ਨੂੰ ਕੁਝ ਮਹੀਨੇ ਪਹਿਲੇ ਪਤਾ ਲੱਗਾ ਸੀ ਕਿ ਰੂਸੀ ਖ਼ੁਫ਼ੀਆ ਫ਼ੌਜੀ ਯੂਨਿਟ ਨੇ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜੀਆਂ ਨੂੰ ਮਾਰਨ ਦੇ ਲਈ ਤਾਲਿਬਾਨ ਨਾਲ ਜੁੜੇ ਅੱਤਵਾਦੀਆਂ ਨੂੰ ਗੁਪਤ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਸ ਰਿਪੋਰਟ ਦੇ ਮੁਤਾ-ਬਕ ਰੂਸ ਨੇ ਪਿਛਲੇ ਸਾਲ ਓਦੋਂ ਹਮਲੇ ਦੀ ਪੇਸ਼ਕਸ਼ ਕੀਤੀ ਸੀ, ਜਦੋਂ ਅਮਰੀਕਾ ਅਤੇ ਤਾਲਿਬਾਨ ਲੰਬੇ ਸਮੇਂ ਤੋਂ ਚੱਲ ਰਹੇ ਸੰਘਰਸ਼ ਨੂੰ ਖ਼ਤਮ ਕਰਨ ਦੀ ਗੱਲਬਾਤ ਕਰ ਰਹੇ ਸਨ। ਜੋਅ ਬਿਡੇਨ ਨੇ ਵਰਚੁਅਲ ਟਾਊਨ ਹਾਲ ਵਿਚ ਸ਼ਨਿਚਰਵਾਰ ਨੂੰ ਕਿਹਾ ਕਿ ਜੇ ਨਿਊਯਾਰਕ ਟਾਈਮਜ਼ ਦੀ ਰਿਪੋਰਟ ਸਹੀ ਹੈ ਤਾਂ ਕੇਸ ਹੈਰਾਨੀ ਵਾਲਾ ਹੈ। ਮੈਂ ਰਾਸ਼ਟਰਪਤੀ ਟਰੰਪ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਅਮਰੀਕੀ ਫ਼ੌਜ ਦੇ ਕਮਾਂਡਰ ਇਨ ਚੀਫ (ਰਾਸ਼ਟਰਪਤੀ ਟਰੰਪ) ਇਹ ਸਭ ਪਹਿਲਾਂ ਜਾਣਦੇ ਸਨ ਤਾਂ ਉਨ੍ਹਾਂ ਨੇ ਕੁਝ ਕੀਤਾ ਕਿਉਂ ਨਹੀਂ। ਸਾਬਕਾ ਉਪ ਰਾਸ਼ਟਰਪਤੀ ਬਿਡੇਨ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਦੀ ਗੰਭੀਰ ਉਲੰਘਣਾ ਦੇ ਬਾਵਜੂਦ ਡੋਨਾਲਡ ਟਰੰਪ ਰੂਸ ਉੱਤੇ ਪਾਬੰਦੀ ਲਾਉਣ ਤੋਂ ਨਾ ਸਿਰਫ ਨਾਕਾਮ ਰਹੇ, ਸਗੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅੱਗੇ ਖੁਦ ਨੂੰ ਝੁਕਾਈ ਰੱਖਿਆ। ਬਿਡੇਨ ਨੇ ਟਰੰਪ ਉੱਤੇ ਫ਼ੌਜ ਨਾਲ ਵਿਸ਼ਵਾਸ ਘਾਤ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਲੋਕ ਫ਼ੌਜ ਵਿਚ ਸ਼ਾਮਲ ਹੋ ਕੇ ਆਪਣਾ ਜੀਵਨ ਦਾਅ ਉੱਤੇ ਲਾਉਂਦੇ ਹਨ, ਸਾਡੇ ਕਮਾਂਡਰ ਇਨ ਚੀਫ ਵਿਦੇਸ਼ੀ ਤਾਕਤਾਂ ਵੱਲੋਂ ਫ਼ੌਜੀਆਂ ਨੂੰ ਮਾਰਨ ਬਦਲੇ ਇਨਾਮ ਦੇਣ ਦੀ ਗੱਲ ਉੱਤੇ ਚੁੱਪ ਹਨ। ਉਨ੍ਹਾਂ ਵਾਅਦਾ ਕੀਤਾ ਕਿ ਜੇ ਉਹ ਅਗਲੇ ਰਾਸ਼ਟਰਪਤੀ ਬਣੇ ਤਾਂ ਰੂਸ ਉੱਤੇ ਗੰਭੀਰ ਪਾਬੰਦੀਆਂ ਲਾਉਣਗੇ।

ਦੂਸਰੇ ਪਾਸੇ ਰੂਸ ਦੇ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ ਤੇ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਖ਼ਬਰਾਂ ਅਮਰੀਕਾ ਦੇ ਖ਼ੁਫ਼ੀਆ ਤੰਤਰ ਦੀ ਘੱਟ ਸੂਝ ਦੱਸਦੀਆਂ ਹਨ। ਤਾਲਿਬਾਨ ਦੇ ਬੁਲਾਰੇ ਨੇ ਵੀ ਰੂਸੀ ਖ਼ੁਫ਼ੀਆ ਏਜੰਸੀ ਦੇ ਨਾਲ ਇਸ ਤਰ੍ਹਾਂ ਦੇ ਕਿਸੇ ਸਮਝੌਤੇ ਤੋਂ ਇਨਕਾਰ ਕੀਤਾ ਹੈ।

ਅਮਰੀਕਾ ਦੀ ਇੰਟੈਲੀਜੈਂਸ ਏਜੰਸੀ ਸੀ ਆਈ ਏ ਦੇ ਡਾਇਰੈਕਟਰ, ਕੌਮੀ ਸੁਰੱਖਿਆ ਸਲਾਹਕਾਰ ਅਤੇ ਸਟਾਫ ਦੇ ਸਾਰੇ ਮੁਖੀ ਪੁਸ਼ਟੀ ਕਰ ਰਹੇ ਹਨ ਕਿ ਇਸ ਬਾਰੇ ਨਾ ਰਾਸ਼ਟਰਪਤੀ ਅਤੇ ਨਾ ਉਪ ਰਾਸ਼ਟਰਪਤੀ ਨੂੰ ਖੁਫੀਆ ਸੂਚਨਾ ਦਿੱਤੀ ਗਈ ਸੀ। ਵ੍ਹਾਈਟ ਹਾਊਸ ਨੇ ਇਸ ਬਾਰੇ ਬਿਆਨ ਉਦੋਂ ਜਾਰੀ ਕੀਤਾ ਹੈ, ਜਦ ਨਿਊਯਾਰਕ ਟਾਈਮਸ ਵੱਲੋਂ ਵੈੱਬਸਾਈਟ ਉੱਤੇ ਇਹ ਖਬਰ 25 ਘੰਟੇ ਪਹਿਲਾਂ ਚਲਾਈ ਜਾ ਚੁੱਕੀ ਸੀ। ਵਾਈਟ ਹਾਊਸ ਦੇ ਪ੍ਰੈੱਸ ਸੈਕਟਰੀ ਕਾਇਲੇ ਮੈਕਨੀ ਨੇ ਇਸ ਬਾਰੇ ਸ਼ਨੀਵਾਰ ਦੁਪਹਿਰ ਬਿਆਨ ਜਾਰੀ ਕੀਤਾ ਅਐ ਸ਼ਨੀਵਾਰ ਰਾਤ ਕੌਮੀ ਖੁਫੀਆ ਦੇ ਡਾਇਰੈਕਟਰ ਜਾਨ ਰੈਡਕਲਿਫ ਨੇ ਬਿਆਨ ਜਾਰੀ ਕਰ ਕੇ ਵ੍ਹਾਈਟ ਹਾਊਸ ਦੇ ਇਸ ਦਾਅਵੇ ਨੂੰ ਸੱਚ ਕਿਹਾ। ਉਨ੍ਹਾਂ ਕਿਹਾ ਕਿ ਇਹ ਖੁਫੀਆ ਜਾਣਕਾਰੀ ਟਰੰਪ ਨੂੰ ਨਹੀਂ ਦਿੱਤੀ ਗਈ ਸੀ। ਨਿਊ ਯਾਰਕ ਟਾਈਮਜ਼ ਦੇ ਲੇਖ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਵ੍ਹਾਈਟ ਹਾਊਸ ਵਿੱਚ ਕੌਮੀ ਸੁਰੱਖਿਆ ਕੌਂਸਲ ਨੇ ਮਾਰਚ ਦੇ ਅੰਤ ਵਿਚ ਇਕ ਐਮਰਜੈਂਸੀ ਮੀਟਿੰਗ ਵਿਚ ਇਸ ਸਮੱਸਿਆ ਉੱਤੇ ਚਰਚਾ ਕੀਤੀ ਗਈ ਸੀ, ਪਰ ਅੱਜ ਤੱਕ ਉਸ ਬਾਰੇ ਕਿਸੇ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

# ਜਹਾਜ਼ ਦੀ ਵਿਚਕਾਰਲੀ ਸੀਟ ਭਰਨ ਦੀ ਸੁਪਰੀਮ ਕੋਰਟ ਨੇ ਖੁੱਲ੍ਹ ਦਿੱਤੀ



ਨਵੀਂ ਦਿੱਲੀ, 28 ਜੂਨ, (ਪੋਸਟ ਬਿਊਰੋ)- ਹਵਾਬਾਜ਼ੀ ਕੰਪਨੀਆਂ ਨੂੰ ਰਾਹਤ ਦਿੰਦੇ ਹੋਏ ਸੁਪਰੀਮ ਕੋਰਟ ਨੇ ਵਿਚਕਾਰਲੀ ਸੀਟ ਵੀ ਭਰਨ ਦੀ ਖੁੱਲ੍ਹ ਦੇ ਦਿੱਤੀ ਹੈ। ਇਸ ਫੈਸਲੇ ਅਨੁਸਾਰ ਏਅਰਲਾਈਨਜ਼ ਕੰਪਨੀਆਂ ਨੂੰ ਦੋ ਮੁਸਾਫਰਾਂ ਵਿਚਾਲੇ ਇੱਕ ਸੀਟ ਖਾਲੀ ਰੱਖਣ ਦੀ ਜ਼ਰੂਰਤ ਨਹੀਂ ਰਹੇਗੀ ਤੇ ਸਾਰੀਆਂ ਸੀਟਾਂ ਭਰੀਆਂ ਜਾ ਸਕਦੀਆਂ ਹਨ।

ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਬੀ ਆਰ ਗਵਈ ਦੀ ਬੈਂਚ ਨੇ ਏਅਰ ਇੰਡੀਆ ਦੇ ਪਾਇਲਟ ਦੇਵੇਨ ਕਨਾਨੀ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ, ਜਿਸ ਨੇ 31 ਮਈ ਨੂੰ ਡਾਇਰੈਕਟੋਰੇਟ ਜਨਰਲ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਦੇ ਫ਼ੈਸਲੇ ਖ਼ਿਲਾਫ ਵਿਸ਼ੇਸ਼ ਪਟੀਸ਼ਨ ਦਾਇਰ ਕਰ ਕੇ ਏਅਰਲਾਈਨਜ਼ ਵੱਲੋਂ ਉਡਾਣ ਸਮੇਂ ਵਿਚਕਾਰਲੀਆਂ ਸੀਟਾਂ ਨੂੰ ਵੇਚਣ ਦੀ ਖੁੱਲ੍ਹ ਦਾ ਵਿਰੋਧ ਕੀਤਾ ਸੀ। ਇਸ ਤੋਂ ਪਹਿਲਾਂ ਬੰਬੇ ਹਾਈ ਕੋਰਟ ਨੇ ਏਅਰ ਇੰਡੀਆ ਦੇ ਪਾਇਲਟ ਦੇਵੇਨ ਕਨਾਨੀ ਦੀ ਪਟੀਸ਼ਨ ਵਿਚਲੇ ਇਤਰਾਜ਼ ਨੂੰ ਰੱਦ ਕਰਦੇ ਹੋਏ ਜਹਾਜ਼ ਕੰਪਨੀਆਂ ਨੂੰ ਰਾਹਤ ਦੇ ਦਿੱਤੀ ਸੀ।

ਵਰਨਣ ਯੋਗ ਹੈ ਕਿ ਹਾਲੇ ਤੱਕ ਉਡਾਣ ਵਿਚ ਵਿਚਕਾਰਲੀ ਸੀਟ ਖਾਲੀ ਰੱਖਣੀ ਜ਼ਰੂਰੀ ਹੁੰਦੀ ਸੀ। ਡੀ ਜੀ ਸੀ ਏ ਨੇ ਯਾਤਰੀਆਂ ਦੀ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਤੋਂ ਪਿੱਛੋਂ ਇਹ ਫੈਸਲਾ ਲਿਆ ਹੈ। ਕੋਰਟ ਨੇ ਕਿਹਾ ਹੈ ਕਿ ਜੇ ਵਿਚਲੀ ਸੀਟ ਖਾਲੀ ਰੱਖਣਾ ਬਿਲਕੁੱਲ ਸੰਭਵ ਨਾ ਹੋਵੇ ਤਾਂ ਯਾਤਰੀਆਂ ਨੂੰ ਇਕ ਗਾਊਨ ਨਾਲ ਚੰਗੀ ਤਰ੍ਹਾਂ ਕਵਰ ਕੀਤਾ ਜਾਏਗਾ, ਪਰ ਇਕੋ ਪਰਿਵਾਰ ਦੇ ਮੈਂਬਰਾਂ ਨੂੰ ਇਕੱਠੇ ਬੈਠਣ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ।

# ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਛੇ ਹੋਰ ਮੌਤਾਂ



ਚੰਡੀਗੜ੍ਹ, 28 ਜੂਨ, (ਪੋਸਟ ਬਿਊਰੋ)- ਪੰਜਾਬ ਵਿਚ ਐਤਵਾਰ ਦੇ ਦਿਨ ਛੇ ਲੋਕਾਂ ਦੀ ਕੋਰੋਨਾ ਨਾਲ ਮੌਤ ਹੋਣ ਨਾਲ ਕੁੱਲ ਮੌਤਾਂ ਦੀ ਗਿਣਤੀ 136 ਹੋ ਗਈ ਹੈ, ਜਦ ਕਿ ਕੇਸਾਂ ਦੀ ਗਿਣਤੀ ਇੱਕ ਦਿਨ ਪਹਿਲਾਂ ਪੰਜ ਹਜ਼ਾਰ ਟੱਪ ਗਈ ਸੀ।

ਐਤਵਾਰ ਨੂੰ ਪਟਿਆਲੇ ਵਿਚ ਸਿੱਖਿਆ ਵਿਭਾਗ ਦੇ 50 ਸਾਲਾ ਮੁਲਾਜ਼ਮ ਅਤੇ ਇੱਕ 60 ਸਾਲਾ ਬਜ਼ੁਰਗ ਦੀ ਮੌਤ ਹੋਈ ਦੱਸੀ ਗਈ ਹੈ। ਦੂਸਰੇ ਪਾਸੇ ਗੁਰਦਾਸਪੁਰ ਜ਼ਿਲੇ ਦੇ ਬਟਾਲਾ ਨੇੜਲੇ ਪਿੰਡ ਬਾਲਾ ਮਸਾਣੀਆ ਦੀ 70 ਸਾਲਾ ਬਜ਼ੁਰਗ ਔਰਤ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿਚ ਦਮ ਤੋੜ ਗਈ ਹੈ। ਇਸ ਜ਼ਿਲ੍ਹੇ ਵਿਚ ਅੱਜ ਤਕ ਚਾਰ ਮੌਤਾਂ ਹੋਈਆਂ ਹਨ। ਜਲੰਧਰ ਦੀ ਇਕ 75 ਸਾਲਾ ਔਰਤ ਦੀ ਵੀ ਅੰਮ੍ਰਿਤਸਰ ਵਿਚ ਮੌਤ ਹੋਈ ਹੈ, ਜਿਸ ਨੂੰ ਕੁਝ ਦਿਨ ਪਹਿਲਾਂ ਗੰਭੀਰ ਹਾਲਤ ਵਿਚ ਰੈਫਰ ਕੀਤਾ ਗਿਆ ਸੀ। ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਬਡਿਆਲ ਦੀ 62 ਸਾਲਾ ਔਰਤ ਦੀ ਲੁਧਿਆਣਾ ਵਿੱਚ ਮੌਤ ਹੋ ਗਈ ਅਤੇ ਲੁਧਿਆਣੇ ਵਿਚ ਵੀ 17 ਸਾਲਾ ਨੌਜਵਾਨ ਦੀ ਮੌਤ ਹੋਈ ਹੈ।

ਇਸ ਦੌਰਾਨ ਅੱਜ ਭਾਰਤ ਵਿੱਚ ਸੋਮਵਾਰ ਦੀ ਸਵੇਰ ਹੋਣ ਤੱਕ ਸੰਸਾਰ ਵਿੱਚ ਕੋਰੋਨਾ ਵਾਇਰਸ ਨਾਲ ਕੁੱਲ ਕੇਸਾਂ ਦੀ ਗਿਣਤੀ 1 ਕਰੋੜ, 2 ਲੱਖ 38 ਹਜ਼ਾਰ ਨੂੰ ਟੱਪ ਗਈ ਅਤੇ ਮੌਤਾਂ ਦੀ ਗਿਣਤੀ ਪੰਜ ਲੱਖ ਚਾਰ ਹਜ਼ਾਰ ਤੋਂ ਵੱਧ ਹੋਣ ਦੀ ਖਬਰ ਹੈ। ਅਮਰੀਕਾ ਵਿੱਚ ਸਭ ਤੋਂ ਵੱਧ 1,28,437 ਮੌਤਾਂ ਹੋਈਆਂ ਹਨ, ਬਰਾਜ਼ੀਲ ਵਿੱਚ 57,658 ਅਤੇ ਬ੍ਰਿਟੇਨ ਵਿੱਚ 43,550, ਇਟਲੀ ਵਿੱਚ 34,738 ਮੌਤਾਂ ਹੋਈਆਂ ਹਨ। ਮੌਤਾਂ ਦੇ ਪੱਖ ਤੋਂ ਚੌਥੇ ਥਾਂ ਪਹੁੰਚ ਚੁੱਕੇ ਭਾਰਤ ਵਿਚ ਕੁੱਲ ਮੌਤਾਂ ਦੀ ਗਿਣਤੀ 16,487 ਦੱਸੀ ਗਈ ਹੈ। ਭਾਰਤ ਵਿੱਚ ਸਭ ਤੋਂ ਵੱਧ 7273 ਮੌਤਾਂ ਮਹਾਰਾਸ਼ਟਰ ਵਿੱਚ ਹੋਈਆਂ ਹਨ ਤੇ ਉਸ ਦੇ ਬਾਅਦ ਦਿੱਲੀ ਵਿੱਚ 2558, ਗੁਜਰਾਤ ਵਿੱਚ 1789, ਤਾਮਿਲ ਨਾਡੂ ਵਿੱਚ 1025, ਉੱਤਰ ਪ੍ਰਦੇਸ਼ ਵਿੱਚ 649 ਅਤੇ ਪੱਛਮੀ ਬੰਗਾਲ ਵਿੱਚ 629 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ।

## ਚੀਨ ਨਾਲ ਸਬੰਧਾਂ ਕਾਰਨ ਆਸਟਰੇਲੀਆ ਦਾ ਐੱਮ ਪੀ ਸਸਪੈਂਡ



ਸਿਡਨੀ, 28 ਜੂਨ, (ਪੋਸਟ ਬਿਊਰੋ)- ਆਸਟਰੇਲੀਆ ਅਤੇ ਚੀਨ ਦੀ ਕੁੜੱਤਣ ਵਾਲੇ ਮਾਹੌਲ ਦੇ ਦੌਰਾਨ ਚੀਨੀ ਆਗੂਆਂ ਦੇ ਨਾਲ ਸੰਪਰਕ ਦੇ ਦੋਸ਼ਾਂ ਕਾਰਨ ਆਸਟਰੇਲੀਆ ਦੀ ਵਿਰੋਧੀ ਪਾਰਟੀ ਦੇ ਇਕ ਪਾਰਲੀਮੈਂਟ ਮੈਂਬਰ ਨੂੰ ਉਨ੍ਹਾਂ ਦੀ ਪਾਰਟੀ ਨੇ ਸਸਪੈਂਡ ਕਰ ਦਿੱਤਾ ਹੈ। ਜਾਂਚ ਏਜੰਸੀਆਂ ਨੇ ਅੱਜ ਇਸ ਪਾਰਲੀਮੈਂਟ ਮੈਂਬਰ ਦੇ ਘਰ ਛਾਪਾ ਮਾਰਿਆ ਤੇ ਪੂਰੇ ਘਰ ਦੀ ਤਲਾਸ਼ੀ ਲਈ ਹੈ। ਇਸ ਐੱਮ ਪੀ ਉੱਤੇ ਚੀਨ ਤੋਂ ਪ੍ਰਭਾਵਿਤ ਹੋਣ ਦਾ ਦੋਸ਼ ਲਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਲੇਬਰ ਲੀਡਰ ਜੋਡੀ ਮੈਕੇ ਨੇ ਦੱਸਿਆ ਕਿ ਅੱਜ ਪੁਲਿਸ ਤੇ ਖ਼ੁਫ਼ੀਆ ਵਿਭਾਗ ਦੇ ਅਧਿਕਾਰੀਆਂ ਨੇ ਨਿਊ ਸਾਊਥ ਵੇਲਜ਼ ਦੇ ਐੱਮ ਪੀ ਸ਼ੌਕਤ ਮੋਸੇਲਮਾਨ ਦੇ ਘਰ ਅਤੇ ਦਫ਼ਤਰ ਉੱਤੇ ਛਾਪਾ ਮਾਰ ਕੇ ਤਲਾਸ਼ੀ ਲਈ ਹੈ ਤੇ ਇਸ ਬਾਰੇ ਅਗਲੀ ਜਾਂਚ ਚੱਲ ਰਹੀ ਦੱਸੀ ਜਾਂਦੀ ਹੈ। ਆਸਟਰੇਲੀਆ ਦੀ ਫੈਡਰਲ ਪੁਲਿਸ ਨੇ ਇਸ ਐੱਮ ਪੀ ਦੇ ਘਰ ਛਾਪੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਸਿਡਨੀ ਵਿੱਚ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਹੈ। ਇਹ ਕਾਰਵਾਈ ਇਕ ਜਾਂਚ ਤਹਿਤ ਕੀਤੀ ਗਈ ਹੈ। ਅਜੇ ਤਕ ਐੱਮ ਪੀ ਉੱਤੇ ਕਿਸੇ ਤਰ੍ਹਾਂ ਦੇ ਅਪਰਾਧ ਦਾ ਦੋਸ਼ ਨਹੀਂ ਲਾਇਆ ਗਿਆ ਅਤੇ ਇਹ ਪਤਾ ਨਹੀਂ ਲੱਗਾ ਕਿ ਉਨ੍ਹਾਂ ਦੇ ਖ਼ਿਲਾਫ਼ ਕੀ ਜਾਂਚ ਚੱਲ ਰਹੀ ਹੈ। ਉਨ੍ਹਾਂ ਨੇ ਖੁਦ ਵੀ ਪੱਤਰਕਾਰਾਂ ਨੂੰ ਆਪਣੇ ਖ਼ਿਲਾਫ਼ ਚੱਲ ਰਹੀ ਪੁਲਸ ਕਾਰਵਾਈ ਦੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

ਵਰਨਣ ਯੋਗ ਹੈ ਕਿ ਪਿਛਲੇ ਅਪਰੈਲ ਵਿਚ ਕੋਰੋਨਾ ਮਹਾਮਾਰੀ ਦੇ ਨਾਲ ਠੀਕ ਢੰਗ ਨਾਲ ਨਿਪਟਣ ਲਈ ਉਨ੍ਹਾਂ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਭਰਵੀਂ ਤਾਰੀਫ਼ ਕੀਤੀ ਅਤੇ ਕਿਹਾ ਸੀ ਕਿ ਸ਼ੀ ਜਿਨਪਿੰਗ ਨੇ ਇਸ ਮਹਾਮਾਰੀ ਨਾਲ ਸਿੱਝਣ ਦੇ ਲਈ ਬੇਹਤਰੀਨ ਅਗਵਾਈ ਕੀਤੀ ਹੈ। ਅਖ਼ਬਾਰ 'ਸਿਡਨੀ ਮਾਰਨਿੰਗ ਹੈਰਾਲਡ' ਨੇ ਇਸ ਕਾਰਵਾਈ ਦੇ ਸੰਬੰਧ ਵਿੱਚ ਲਿਖਿਆ ਹੈ ਕਿ ਸ਼ੌਕਤ ਮੋਸੇਲਮਾਨ ਸਾਲ 2009 ਵਿਚ ਐੱਮ ਪੀ ਬਣਨ ਪਿੱਛੋਂ ਨਿੱਜੀ ਤੌਰ ਉੱਤੇ 9 ਵਾਰ ਚੀਨ ਗਏ ਸਨ ਅਤੇ ਦਸਤਾਵੇਜ਼ ਦੱਸਦੇ ਹਨ ਕਿ ਉਨ੍ਹਾਂ ਦੀ ਯਾਤਰਾ ਦਾ ਪੂਰਾ ਖ਼ਰਚ ਚੀਨ ਸਰਕਾਰ ਨੇ ਚੁੱਕਿਆ ਸੀ। ਉਨ੍ਹਾਂ ਦੀ ਲੇਬਰ ਪਾਰਟੀ ਦੇ ਲੀਡਰ ਜੋਡੀ ਮੈਕੇ ਨੇ ਕਿਹਾ ਕਿ ਸ਼ੌਕਤ ਦੇ ਘਰ ਛਾਪੇ ਤੋਂ ਉਹ ਹੈਰਾਨ ਹਨ। ਇਹ ਭਿਆਨਕ ਤੇ ਬੇਹੱਦ ਚਿੰਤਾ ਦੀ ਗੱਲ ਹੈ। ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੌਕਤ ਦੇ ਖ਼ਿਲਾਫ਼ ਚੱਲਦੀ ਜਾਂਚ ਦੀ ਜਾਣਕਾਰੀ ਹੈ।

ਸਾਲ 1965 ਵਿੱਚ ਲਿਬਨਾਨ ਵਿੱਚ ਪੈਦਾ ਹੋਏ ਸ਼ੌਕਤ ਮੋਸੇਲਮਾਨ ਸਾਲ 1977 ਵਿੱਚ ਆਪਣੇ ਮਾਂ-ਬਾਪ ਤੇ ਦਸ ਭੈਣ-ਭਰਾਵਾਂ ਨਾਲ ਆਸਟਰੇਲੀਆ ਵਿੱਚ ਆਏ ਸਨ ਅਤੇ ਤਿੰਨ ਵਾਰੀ ਸਿਡਨੀ ਦੇ ਮੇਅਰ ਰਹਿ ਚੁੱਕੇ ਹਨ।

## ਗਲਾਸਗੋ ਵਿਖੇ ਛੁਰੇਬਾਜ਼ੀ ਦੀ ਘਟਨਾ ਦੌਰਾਨ ਤਿੰਨ ਮੌਤਾਂ, ਇੱਕ ਸ਼ੱਕੀ ਹਮਲਾਵਰ ਨੂੰ ਪੁਲਸ ਨੇ ਮਾਰਿਆ




ਗਲਾਗੋਸ, 28 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੇ ਗਲਾਸਗੋ ਸ਼ਹਿਰ ਦੇ ਕੇਂਦਰ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਤਿੰਨ ਵਿਅਕਤੀਆਂ ਦੇ ਮਾਰੇ ਜਾਣ ਦਾ ਸਮਾਚਾਰ ਹੈ। ਪੁਲਸ ਨੇ ਇੱਕ ਸ਼ੱਕੀ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਹੈ। ਇਸ ਘਟਨਾ ਦੌਰਾਨ ਇੱਕ ਪੁਲਸ ਅਧਿਕਾਰੀ ਵੀ ਉਨ੍ਹਾਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਚਾਕੂ ਮਾਰਿਆ ਗਿਆ ਹੈ। ਇਸ ਦੇ ਬਾਅਦ ਹਥਿਆਰਬੰਦ ਪੁਲਸ ਨੇ ਵੈਸਟ ਜਾਰਜ ਸਟ੍ਰੀਟ ਨੂੰ ਬੰਦ ਕਰ ਦਿੱਤਾ ਹੈ ਪਰ ਚਸ਼ਮਦੀਦ ਗਵਾਹਾਂ ਅਨੁਸਾਰ ਹੈਜ਼ਮੇਟ ਸੂਇਠ ਵਿੱਚ ਪੈਰਾ ਮੈਡੀਕਲ ਇੱਕ ਖ਼ੂਨ ਨਾਲ ਲਥਪਥ ਵਿਅਕਤੀ ਦਾ ਫੁੱਟਪਾਥ 'ਤੇ ਇਲਾਜ ਕਰਦੇ ਦੇਖੇ ਗਏ। ਉਨ੍ਹਾਂ ਨੇ ਪਾਰਕ ਇਨ ਹੋਟਲ ਤੋਂ ਸਟਰੈਚਰਾਂ 'ਤੇ ਲਿਜਾਏ ਗਏ ਲੋਕਾਂ ਨੂੰ ਲਹੂ-ਲੁਹਾਨ ਹੋਏ ਵੇਖਿਆ। ਇਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਘਟਨਾ ਦੌਰਾਨ ਕਈ ਜਣਿਆਂ ਦੀ ਮੌਤ ਹੋਈ ਹੋਵੇਗੀ। ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਗਲਾਸਗੋ ਦੀ ਇਸ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਾਮਿਆਂ ਦਾ ਧੰਨਵਾਦ ਕੀਤਾ ਹੈ।







ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7


# ਤਖਤ ਕੇਸਗੜ੍ਹ ਸਾਹਿਬ ਦੇ ਲੰਗਰ ਵਿਚ ਤਾਲਾਬੰਦੀ ਵੇਲੇ ਵੀ ਲੱਖਾਂ ਦੀ ਸਬਜ਼ੀ ਕਾਗਜ਼ਾਂ ਵਿੱਚ ਬਣਦੀ ਰਹੀ



ਸ੍ਰੀ ਆਨੰਦਪੁਰ ਸਾਹਿਬ, 28 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲੱਗੀ ਤਾਲਾਬੰਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਗਤ ਦੀ ਆਮਦ ਰੁਕ ਗਈ, ਪਰ ਲੰਗਰ ਲਈ ਲੱਖਾਂ ਰੁਪਏ ਦੀ ਹਰੀ ਸਬਜ਼ੀ ਬਣਦੀ ਰਹਿਣ ਦੀ ਜਾਂਚ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਤੋਂ ਚੀਫ ਇੰਸਪੈਕਟਰ ਦੀ ਅਗਵਾਈ ਹੇਠ ਅੱਧੀ ਦਰਜਨ ਅਧਿਕਾਰੀਆਂ ਦੀ ਟੀਮ ਏਥੇ ਭੇਜੀ ਗਈ ਹੈ। ਇਸ ਟੀਮ ਵੱਲੋਂ ਸਟੋਰਾਂ ਦੀ ਪੜਤਾਲ ਅਨੁਸਾਰ ਮੁੱਢਲੇ ਤੌਰ 'ਤੇ ਲੱਖਾਂ ਰੁਪਏ ਦਾ ਸਬਜ਼ੀ ਘੁਟਾਲਾ ਸਾਹਮਣੇ ਆਉਣ ਦੇ ਸੰਕੇਤ ਮਿਲੇ ਹਨ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਅੱਧੀ ਦਰਜਨ ਮੁਲਾਜ਼ਮਾਂ ਤੇ ਇੰਸਪੈਕਟਰ ਦੇ ਖਿਲਾਫ ਕਾਰਵਾਈ ਹੋਣ ਦੀ ਸੰਭਾਵਨਾ ਹੈ।

ਪਤਾ ਲੱਗਾ ਹੈ ਕਿ ਆਮ ਤੌਰ 'ਤੇ ਤਖਤ ਕੇਸਗੜ੍ਹ ਸਾਹਬਿ ਦੇ ਲੰਗਰ 'ਚ ਸ਼ਰਧਾਲੂਆਂ ਲਈ ਦਾਲ ਵਰਤਾਈ ਜਾਂਦੀ ਹੈ ਤੇ ਕਿਸੇ ਖਾਸ ਦਿਨ ਹੀ ਦਾਲ ਦੇ ਨਾਲ ਮਿੱਠਾ ਜਾਂ ਕੋਈ ਹੋਰ ਸਬਜ਼ੀ ਬਣਦੀ ਹੈ। ਦੋ ਦਿਨ ਪਹਿਲਾਂ ਏਥੇ ਆਈ ਸ਼੍ਰੋਮਣੀ ਕਮੇਟੀ ਦੀ ਉੱਚ ਤਾਕਤੀ ਟੀਮ ਨੇ ਰਿਕਾਰਡ ਦੀ ਘੋਖ ਕੀਤੀ ਤਾਂ ਪਹਿਲੀ ਅਪ੍ਰੈਲ ਤੋਂ 24 ਜੂਨ ਤੱਕ ਸੰਗਤ ਦੀ ਆਮਦ ਘੱਟ ਹੋਣ ਦੇ ਬਾਵਜੂਦ ਲੰਗਰ ਵਿੱਚ ਵਰਤਾਉਣ ਲਈ ਨੇੜੇ ਨੰਗਲ ਤੋਂ ਹਰੀਆਂ ਸਬਜ਼ੀਆਂ, ਭਿੰਡੀ, ਸ਼ਿਮਲਾ ਮਿਰਚ, ਟੀਂਡੇ, ਕਰੇਲੇ, ਟਮਾਟਰ, ਆਲੂ, ਪਿਆਜ਼, ਘੀਆ, ਕੱਦੂ ਦੇ ਨਾਲ ਸੇਬ, ਕੇਲੇ, ਸੰਤਰੇ ਆਦਿ ਹੋਰ ਫਲ ਆਉਂਦੇ ਰਹੇ। ਉੱਚ ਤਾਕਤੀ ਟੀਮ ਨੂੰ ਇਥੇ ਵੱਡੇ ਸਬਜ਼ੀ ਘੋਟਾਲੇ ਦਾ ਸ਼ੱਕ ਹੋਇਆ ਤਾਂ ਸਟੋਰਾਂ ਦੀ ਪੜਤਾਲ ਕੀਤੀ, ਜਿੱਥੋਂ ਕਈ ਫਰਜ਼ੀ ਬਿੱਲ ਤੇ ਫਾਲਤੂ ਸਾਮਾਨ ਮਿਲਿਆ। ਦੋ ਦਿਨਾਂ ਦੀ ਇਸ ਪੜਤਾਲ ਬਾਰੇ ਚੀਫ ਇੰਸਪੈਕਟਰ ਗੁਲਜ਼ਾਰ ਸਿੰਘ ਨੇ ਦੱਸਿਆ ਕਿ ਉਹ ਮੀਡੀਆ ਨੂੰ ਨਹੀਂ ਦੱਸ ਸਕਦੇ ਅਤੇ ਰਿਪੋਰਟ ਸਕੱਤਰ ਨੂੰ ਪੇਸ਼ ਕੀਤੀ ਜਾਵੇਗੀ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਜੇ ਕੋਈ ਮੁਲਾਜ਼ਮ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਅਤੇ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਨੇ ਕਿਹਾ ਕਿ ਰਿਪੋਰਟ ਆਉਣ ਪਿੱਛੋਂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।




# REQUEST FOR PROPOSAL (RFP)

## PEEL DISTRICT SCHOOL BOARD

5650 Hurontario Street
Mississauga, Ontario, L5R 1C6

## RFPMC20-4494

## For the Services of an Integrity Commissioner

**CLOSING DATE:** Monday, July 6, 2020 @ 3:00 p.m.

This RFP is now available for electronic download from the Bonfire portal at

**https://peelsb.bonfirehub.ca/**

and from the Biddingo portal at

**www.biddingo.com**

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org


# ਚਲਦੀ ਕਾਰ ਵਿੱਚ ਸੈਕਸ ਕਰ ਰਹੇ ਯੂ ਐੱਨ ਅਧਿਕਾਰੀ ਦਾ ਵੀਡੀਓ ਵਾਇਰਲ

ਤਲ ਅਵੀਵ, 28 ਜੂਨ (ਪੋਸਟ ਬਿਊਰੋ)- ਯੂ ਐੱਨ ਓ ਦਾ ਇੱਕ ਅਧਿਕਾਰੀ ਚਲਦੀ ਕਾਰ ਵਿੱਚ ਇੱਕ ਮਹਿਲਾ ਦੇ ਨਾਲ ਸੈਕਸ ਕਰ ਰਿਹਾ ਸੀ, ਜਿਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਿਹਾ ਹੈ।

ਇਹ ਵੀਡੀਓ ਇਸਰਾਈਲ ਦੀ ਰਾਜਧਾਨੀ ਤਲ ਅਵੀਵ ਤੋਂ ਆਇਆ ਹੈ। ਵੀਡੀਓ ਵਾਇਰਲ ਹੋਣ ਦੇ ਬਾਅਦ ਯੂ ਐੱਨ ਓ ਨੇ ਕਿਹਾ ਕਿ ਇਹ ਘਟਨਾ ਬੇਹੱਦ ਹੈਰਾਨ ਅਤੇ ਪਰੇਸ਼ਾਨ ਕਰਨ ਵਾਲੀ ਹੈ। ਵਾਇਰਲ ਹੋਈ ਕਲਿਪ ਵਿੱਚ ਸਾਫ ਨਜ਼ਰ ਆ ਰਿਹਾ ਹੈ ਕਿ ਲਾਲ ਡਰੈੱਸ ਪਹਿਨੇ ਇੱਕ ਔਰਤ ਕਾਰ ਦੀ ਪਿਛਲੀ ਸੀਟ 'ਤੇ ਇੱਕ ਸ਼ਖਸ ਦੇ ਨਾਲ ਬੈਠੀ ਹੋਈ ਹੈ। ਇਸ ਦੇ ਇਲਾਵਾ ਕਾਰ ਵਿੱਚ ਡਰਾਈਵਿੰਗ ਸੀਟ 'ਤੇ ਵੀ ਇੱਕ ਵਿਅਕਤੀ ਨਜ਼ਰ ਆ ਰਿਹਾ ਹੈ। ਵੀਡੀਓ ਸਾਹਮਣੇ ਆਉਣ ਦੇ ਬਾਅਦ ਯੂ ਐੱਨ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਕੇਸ ਦੀ ਜਾਂਚ ਜਾਰੀ ਹੈ। ਵੀਡੀਓ ਵਿੱਚ ਨਜ਼ਰ ਆ ਰਹੇ ਸ਼ਖਸ ਦੀ ਪਛਾਣ ਕਰਨ ਦੇ ਉਹ ਕਾਫੀ ਨੇੜੇ ਪੁੱਜ ਗਏ ਹਨ। ਯੂ ਐੱਨ ਨੇ ਕਿਹਾ, ਇਸਰਾਈਲ ਵਿੱਚ ਸ਼ਾਂਤੀ ਸੰਗਠਨ ਦੇ ਕਰਮਚਾਰੀਆਂ ਨੂੰ ਸ਼ੱਕ ਹੇਠ ਦੇਖਿਆ ਜਾ ਰਿਹਾ ਹੈ। ਵੀਡੀਓ ਤਲ ਅਵੀਵ ਦੀ ਇੱਕ ਮੇਨ ਸੜਕ ਦਾ ਹੈ। ਇਸ ਤੋਂ ਪਹਿਲਾਂ ਕਿ ਵੀਡੀਓ ਵਿੱਚ ਡਰਾਈਵਰ ਦਾ ਚਿਹਰਾ ਸਾਫ ਨਜ਼ਰ ਆਉਂਦਾ, ਗੱਡੀ ਉਥੋਂ ਨਿਕਲ ਗਈ। ਟਰੈਫਿਕ ਸਿਗਨਲ 'ਤੇ ਗੱਡੀ ਰੁਕਣ ਦੇ ਬਾਅਦ ਕਿਸੇ ਨੇ ਇਹ ਵੀਡੀਓ ਬਿਲਡਿੰਗ ਦੇ ਉਪਰੋਂ ਲਿਆ ਸੀ। ਯੂ ਐੱਨ ਓ ਦੇ ਜਨਰਲ ਸੈਕਟਰੀ ਐਂਟੋਨੀਓ ਗੁਟ-'ਰੇਸ ਦੇ ਬੁਲਾਰੇ ਸਟੀਫਨ ਡੁਜਾਰਿਕ ਨੇ ਕਿਹਾ ਕਿ 18 ਸੈਕਿੰਡ ਦਾ ਇਹ ਵੀਡੀਓ ਵਿਹਾਰਕ ਰੂਪ ਤੋਂ ਬੇਹੱਦ ਘਿਨੌਣਾ ਹੈ। ਅਸੀਂ ਜਿਸ ਚੀਜ਼ ਦੇ ਖਿਲਾਫ ਹਾਂ, ਉਸ ਦੇ ਵਿਰੁੱਧ ਜਾ ਕੇ ਯੂ ਐੱਨ ਸਟਾਫ ਦੇ ਕਮਰਚਾਰੀਆਂ ਵੱਲੋਂ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ।

# ਡਰੱਗ ਕੇਸ ਵਿੱਚ ਫਸੇ ਅਕਾਲੀ ਆਗੂ ਅਨਵਰ ਮਸੀਹ ਨੇ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ



ਅੰਮ੍ਰਿਤਸਰ, 28 ਜੂਨ (ਪੋਸਟ ਬਿਊਰੋ)- ਇਸ ਸਾਲ ਦੇ ਸ਼ੁਰੂ ਵਿੱਚ 197 ਕਿਲੋ ਹੈਰੋਇਨ ਤਸਕਰੀ ਦੇ ਕੇਸ ਵਿੱਚ ਫਸੇ ਪੰਜਾਬ ਸਰਵਿਸ ਸਿਲੈਕਸ਼ਨ ਬੋਰਡ ਦੇ ਮੈਂਬਰ ਅਤੇ ਅਕਾਲੀ ਦਲ ਦੇ ਸੀਨੀਅਰ ਨੇਤਾ ਅਨਵਰ ਮਸੀਹ ਨੇ ਜ਼ਮਾਨਤ ਲਈ ਅਰਜ਼ੀ ਮੈਜਿਸਟਰੇਟ ਅੱਗੇ ਪੇਸ਼ ਕੀਤੀ ਹੈ। ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਲਈ 29 ਜੂਨ ਦਾ ਸਮਾਂ ਤੈਅ ਕੀਤਾ ਹੈ। ਦੱਸਿਆ ਗਿਆ ਹੈ ਕਿ ਇਸ ਬਾਰੇ ਕੋਰਟ ਨੇ ਐਸ ਟੀ ਐਫ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੇ 30 ਜਨਵਰੀ ਰਾਤ ਨੂੰ ਤਰਨ ਤਾਰਨ ਰੋਡ ਦੀ ਆਕਾਸ਼ ਵਿਹਾਰ ਵਿੱਚ ਅਨਵਰ ਮਸੀਹ ਦੀ ਕੋਠੀ ਤੋਂ 197 ਕਿਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ ਅਤੇ ਇਸ ਸ਼ਹਿਰ ਦੇ ਵੱਡੇ ਕਾਰੋਬਾਰੀ ਅੰਕੁਸ਼ ਕਪੂਰ, ਸੁਖਬੀਰ ਸਿੰਘ ਉਰਫ ਹੈਪੀ, ਅਫਗਾਨ ਨਾਗਰਿਕ ਅਰਮਾਨ ਬਸ਼ਅਰਮਲ, ਜਿੰਮ ਟ੍ਰੇਨਰ ਸੁਖਵਿੰਦਰ ਸਿੰਘ, ਮੇਜਰ ਸਿੰਘ, ਤਮੰਨਾ ਗੁਪਤਾ, ਸਾਹਿਲ ਸ਼ਰਮਾ, ਪੰਜਾਬੀ ਫਿਲਮਾਂ ਸਟਾਰ ਮਨਤੇਜ ਮਾਨ ਅਤੇ ਅਨਵਰ ਮਸੀਹ ਸਮੇਤ ਕਈ ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਮੁੱਢਲੀ ਜਾਂਚ ਪਿੱਛੋਂ ਐੱਸ ਟੀ ਐੱਫ ਨੇ ਅਨਵਰ ਮਸੀਹ ਨੂੰ ਕਲੀਨ ਚਿੱਟ ਦੇ ਦਿੱਤੀ ਸੀ, ਪਰ ਬਾਅਦ 'ਚ ਉਸ ਨੂੰ ਫਿਰ ਫੜ ਲਿਆ ਗਿਆ। ਜਾਂਚ 'ਚ ਪਤਾ ਲੱਗਾ ਕਿ ਅਕਾਲੀ ਨੇਤਾ ਅਨਵਰ ਮਸੀਹ ਨੇ ਬਿਨਾਂ ਪੁਲਸ ਵੈਰੀਫਿਕੇਸ਼ਨ ਦੇ ਕਾਰੋਬਾਰੀ ਅੰਕੁਸ਼ ਕਪੂਰ ਨੂੰ ਆਪਣੀ ਕੋਠੀ ਕਿਰਾਏ 'ਤੇ ਦਿੱਤੀ ਸੀ। ਉਸ ਕੋਠੀ 'ਚ ਅਫਗਾਨਿਸਤਾਨ ਤੋਂ ਅਰਮਾਨ ਨੂੰ ਬੁਲਾ ਲਿਆ, ਜਿਸ ਨੇ 197 ਕਿਲੋ ਹੈਰੋਇਨ ਖੇਪ ਵਿੱਚ ਕੈਮੀਕਲ ਅਤੇ ਨਸ਼ੀਲਾ ਪਾਊਡਰ ਮਿਲਾ ਕੇ ਪੰਜ ਕਿਲੋ ਹੈਰੋਇਨ ਬਣਾਉਣੀ ਸੀ। ਫੂਡ ਐਂਡ ਡਰੱਗ ਟੈਸਟਿੰਗ ਲੈਬਾਰਟਰੀ ਦੀ ਰਿਪੋਰਟ ਹੈਰੋਇਨ ਨੂੰ ਸੌ ਫੀਸਦੀ ਸ਼ੁੱਧ ਦੱਸ ਚੁੱਕੀ ਹੈ। ਇਹ ਰਿਪੋਰਟ ਐੱਸ ਟੀ ਐੱਫ ਨੂੰ ਸਿਰਫ ਚਾਲੀ ਦਿਨਾਂ ਵਿੱਚ ਮਿਲ ਗਈ ਸੀ। ਆਕਾਸ਼ ਵਿਹਾਰ 'ਚ ਹੈਰੋਇਨ ਦੀ ਖੇਪ ਦੀ ਜਾਣਕਾਰੀ ਗੁਜਰਾਤ ਏ ਟੀ ਐੱਸ ਨੂੰ ਇਟਲੀ ਪੁਲਸ ਤੋਂ ਮਿਲੀ ਸੀ। ਇਟਲੀ ਪੁਲਸ ਨੇ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਸ ਨੇ ਇਟਲੀ ਪੁਲਸ ਕੋਲ ਖੁਲਾਸਾ ਕੀਤਾਸੀ ਕਿ ਉਸ ਨੇ ਸਮੁੰਦਰ ਮਾਰਗ ਤੋਂ ਗੁਜਰਾਤ ਵਿੱਚ 305 ਕਿਲੋ ਹੈਰੋਇਨ ਭੇਜੀ ਹੈ।

# ਕੈਰੋਂ ਵਿੱਚ ਹੋਏ ਪੰਜ ਕਤਲਾਂ ਦੀ ਗੁੱਥੀ ਪੁਲਸ ਨੇ ਸੁਲਝਾ ਲਈ

*** ਪੁੱਤਰ ਨੇ ਘਰ ਦੇ ਚਾਰ ਜੀਅ ਮਾਰੇ, ਭਰਾ ਨੇ ਕਾਤਲ ਨੂੰ ਮਾਰਿਆ**




ਤਰਨ ਤਾਰਨ, 28 ਜੂਨ (ਪੋਸਟ ਬਿਊਰੋ)- ਜ਼ਿਲਾ ਤਰਨ ਤਾਰਨ ਦੇ ਪਿੰਡ ਕੈਰੋਂ ਵਿਖੇ 25 ਜੂਨ ਦੀ ਰਾਤ ਇੱਕ ਘਰ ਵਿੱਚ ਪੰਜ ਜਣਿਆਂ ਦੇ ਕਤਲ ਦੇ ਕੇਸ ਨੂੰ ਪੁਲਸ ਵੱਲੋਂ ਸੁਲਝਾਉਣ ਦਾ ਦਾਅਵਾ ਕੀਤਾ ਹੈ।

ਏਥੇ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਐੱਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਪੰਜਾਂ ਕਤਲਾਂ ਬਾਰੇ ਗੁਆਂਢੀ ਨਿਸ਼ਾਨ ਸਿੰਘ ਪੁੱਤਰ ਗੁਰਤੇਜ ਸਿੰਘ ਦੇ ਬਿਆਨ ਉੱਤੇ ਪੁਲਸ ਨੇ ਗੁਰਜੰਟ ਸਿੰਘ ਉਰਫ ਜੰਟਾਂ ਪੁੱਤਰ ਬ੍ਰਿਜ ਲਾਲ ਵਾਸੀ ਪੱਤੀ ਬੂੜੇ ਕੀ ਕੈਰੋਂ ਵਿਰੁੱਧ ਕੇਸ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਭੇਦ ਖੁੱਲ੍ਹਾ ਕਿ 25 ਜੂਨ ਦੀ ਰਾਤ ਬ੍ਰਿਜ ਲਾਲ ਦੇ ਘਰ ਉਸ ਦੇ ਦੋਵੇਂ ਲੜਕੇ ਗੁਰਜੰਟ ਸਿੰਘ ਤੇ ਬੰਟੀ ਦੇ ਨਾਲ ਬ੍ਰਿਜ ਲਾਲ ਅਤੇ ਉਸ ਦੀਆਂ ਦੋ ਨੂੰਹਾਂ ਅਮਨਦੀਪ ਕੌਰ ਉਰਫ ਅਮਨ ਪਤਨੀ ਪਰਮਜੀਤ, ਜਸਪ੍ਰੀਤ ਕੌਰ ਉਰਫ ਜੱਸ ਪਤਨੀ ਬਖਸ਼ੀਸ਼ ਸਿੰਘ ਮੌਜੂਦ ਸਨ। ਬੰਟੀ ਆਪਣੀਆਂ ਭਾਬੀਆਂ ਅਮਨ ਅਤੇ ਜਸਪ੍ਰੀਤ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ ਕਿ ਇਨ੍ਹਾਂ ਦੋਵਾਂ ਦੇ ਨਾਜਾਇਜ਼ ਸੰਬੰਧ ਗੁਰਸਾਹਿਬ ਸਿੰਘ ਨਾਂਅ ਦੇ ਡਰਾਈਵਰ ਨਾਲ ਹਨ। ਐੱਸ ਐੱਸ ਪੀ ਅਨੁਸਾਰ ਉਸ ਦਿਨ ਜਦ ਬੰਟੀ ਆਪਣੇ ਪਿਤਾ ਨਾਲ ਲੜ ਰਿਹਾ ਸੀ ਤਾਂ ਬ੍ਰਿਜ ਲਾਲ ਨੇ ਆਪਣੇ ਡਰਾਈਵਰ ਗੁਰਸਾਹਿਬ ਸਿੰਘ ਨੂੰ ਫੋਨ ਕਰ ਕੇ ਸੱਦ ਲਿਆ। ਫਿਰ ਬੰਟੀ ਨੇ ਪਹਿਲਾਂ ਆਪਣੇ ਪਿਤਾ ਬ੍ਰਿਜ ਲਾਲ ਦਾ ਕ੍ਰਿਪਾਨ ਨਾਲ ਕਤਲ ਕੀਤਾ ਅਤੇ ਪਿੱਛੋਂ ਆਪਣੀਆਂ ਭਰਜਾਈਆਂ ਤੇ ਡਰਾਈਵਰ ਗੁਰਸਾਹਿਬ ਸਿੰਘ ਦਾ ਕ੍ਰਿਪਾਨ ਨਾਲ ਕਤਲ ਕਰ ਦਿੱਤਾ। ਇਸ ਘਟਨਾ ਪਿੱਛੋਂ ਦੋਵੇਂ ਭਰਾਵਾਂ ਗੁਰਜੰਟ ਸਿੰਘ ਅਤੇ ਬੰਟੀ ਦਾ ਕਿਸੇ ਗੱਲ ਤੋਂ ਝਗੜਾ ਹੋ ਗਿਆ ਅਤੇ ਗੁਰਜੰਟ ਸਿੰਘ ਨੇ ਕ੍ਰਿਪਾਨ ਦਾ ਵਾਰ ਕਰ ਕੇ ਬੰਟੀ ਦਾ ਵੀ ਕਤਲ ਕਰ ਦਿੱਤਾ। ਐੱਸ ਐੱਸ ਪੀ ਨੇ ਦੱਸਿਆ ਕਿ ਗੁਰਜੰਟ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਨੇ ਆਪਣਾ ਜੁਰਮ ਮੰਨ ਲਿਆ ਹੈ।

# ਫੰਡ ਦਿਵਾਉਣ ਦੇ ਨਾਂਅ ਉੱਤੇ ਚਾਲੀ ਲੱਖ ਰੁਪਏ ਦੀ ਠੱਗੀ

ਬਠਿੰਡਾ, 28 ਜੂਨ (ਪੋਸਟ ਬਿਊਰੋ)- ਕੀਨੀਆ ਦੀ ਇੱਕ ਕੰਪਨੀ ਤੋਂ ਫੰਡ ਦਿਵਾਉਣ ਦਾ ਝਾਂਸਾ ਦੇ ਕੇ ਬਠਿੰਡਾ ਦੀ ਇੱਕ ਪਾਵਰ ਪ੍ਰੋਜੈਕਟ ਕੰਪਨੀ ਨਾਲ ਚਾਲੀ ਲੱਖ ਰੁਪਏ ਦੀ ਠੱਗੀ ਹੋਣ ਦਾ ਭੇਦ ਖੁੱਲ੍ਹਾ ਹੈ। ਥਾਣਾ ਕੈਨਾਲ ਕਲੋਨੀ ਪੁਲਸ ਨੇ ਕੰਪਨੀ ਦੇ ਅਧਿਕਾਰੀ ਵੱਲੋਂ ਸ਼ਿਕਾਇਤ ਦੀ ਪੜਤਾਲ ਕਰਨ ਤੋਂ ਬਾਅਦ ਮਹਾਰਾਸ਼ਟਰ ਦੇ ਇੱਕ ਵਿਅਕਤੀ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਐੱਚ ਆਰ ਪਾਵਰ ਪ੍ਰੋਜੈਕਟ ਪ੍ਰਾਈਵੇਟ ਲਿਮਟਿਡ ਨਵਾਂ ਫੋਕਲ ਪੁਆਇੰਟ ਬਠਿੰਡਾ ਦੇ ਅਸ਼ੋਕ ਕੁਮਾਰ ਨੇ ਦੱਸਿਆ ਕਿ ਕਰੀਬ ਢਾਈ ਸਾਲ ਪਹਿਲਾਂ ਉਸ ਦੀ ਮੁਲਾਕਾਤ ਰਾਮਸ਼ੇਖਰ ਸਿਦਰਮਪਾ ਵਾਸੀ ਸਦਾਸ਼ਿਵ ਪੰਥ ਮਹਾਰਾਸ਼ਟਰ ਨਾਲ ਹੋਈ ਸੀ। ਉਸ ਨੇ ਝਾਂਸਾ ਦਿੱਤਾ ਕਿ ਉਹ ਵਿਦੇਸ਼ੀ ਕੰਪਨੀਆਂ ਨਾਲ ਕੰਮ ਕਰਦਾ ਹੈ ਤੇ ਪਾਵਰ ਪ੍ਰੋਜੈਕਟ ਕੰਪਨੀਆਂ ਨੂੰ ਵਿਦੇਸ਼ਾਂ ਤੋਂ ਫੰਡ ਦਿਵਾਉਂਦਾ ਹੈ ਅਤੇ ਉਹ ਕੀਨੀਆ ਦੀ ਇੱਕ ਕੰਪਨੀ ਨਾਲ ਕੰਮ ਕਰ ਰਿਹਾ ਹੈ, ਜੋ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਪਾਵਰ ਪ੍ਰੋਜੈਕਟ ਬਣਾਉਣ ਵਾਲੀਆਂ ਕੰਪਨੀਆਂ ਨੂੰ ਫੰਡ ਦੇ ਰਹੀ ਹੈ। ਉਹ ਉਸ ਦੀ ਕੰਪਨੀ ਨੂੰ ਵੀ ਫੰਡ ਦਿਵਾ ਸਕਦਾ ਹੈ, ਪਰ ਕੰਪਨੀ ਤੋਂ ਮਿਲਣ ਵਾਲੇ ਫੰਡ ਦੀ ਫੀਸ ਲੱਗੇਗੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਹ ਉਸ ਦੇ ਝਾਂਸੇ ਵਿੱਚ ਆ ਗਿਆ। ਉਸ ਨੇ ਉਸ ਵਿਅਕਤੀ ਨਾਲ ਤੀਹ ਜੁਲਾਈ 2018 ਨੂੰ ਐਗਰੀਮੈਂਟ ਸਾਈਨ ਕੀਤਾ ਅਤੇ ਇਸ ਤੋਂ ਬਾਅਦ ਦੋਸ਼ੀ ਨੇ ਕੰਮ ਦੀ ਰਜਿਸਟਰੇਸ਼ਨ ਕਰਵਾਉਣ ਦੇ ਨਾਂਅ 'ਤੇ ਉਸ ਤੋਂ ਕਰੀਬ ਚਾਲੀ ਲੱਖ ਰੁਪਏ ਲੈ ਲਏ ਅਤੇ ਭਰੋਸਾ ਦਿੱਤਾ ਕਿ ਜਲਦੀ ਹੀ ਕੰਪਨੀ ਤੋਂ ਫੰਡ ਦਿਵਾਏਗਾ, ਪਰ ਦੋ ਸਾਲ ਲੰਘਣ ਤੋਂ ਬਾਅਦ ਵੀ ਉਸ ਵਿਅਕਤੀ ਨੇ ਸਮਝੌਤੇ ਅਨੁਸਾਰ ਉਸ ਨੂੰ ਨਾ ਕੀਨੀਆ ਤੋਂ ਕੋਈ ਫੰਡ ਦਿਵਾਇਆ ਤੇ ਨਾ ਇਸ ਕੰਮ ਦੇ ਬਦਲੇ ਦਿੱਤੇ ਚਾਲੀ ਲੱਖ ਰੁਪਏ ਵਾਪਸ ਕੀਤੇ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the letters & columns are those of the writers, editors or any other staff member at Punjabi post assume no responsibility of any kind. Thank you.

# ਬਹਿਬਲ ਕਲਾਂ ਕਾਂਡ ਮਾਮਲੇ ਵਿਚ ਕੁੰਵਰ ਵਿਜੇ ਪ੍ਰਤਾਪ ਵੱਲੋਂ ਅਦਾਲਤ ਨੂੰ ਅਰਜ਼ੀ ਤੋਂ ਬਾਦਲਾਂ ਬਾਰੇ ਨਵੀਂ ਚਰਚਾ ਛਿੜੀ



ਚੰਡੀਗੜ੍ਹ, 28 ਜੂਨ, (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਬਰਗਾੜੀ ਵਿੱਚ ਹੋਏ ਬੇਅਦਬੀ ਕਾਂਡ ਤੋਂ ਬਾਅਦ ਜਦੋਂ ਸਿੱਖ ਸੰਗਤ ਰੋਸ ਕਰ ਰਹੀ ਸੀ ਤਾਂ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਹੋਏ ਗੋਲੀ ਕਾਂਡ ਵਾਲੇ ਕੇਸਾਂ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਇਕ ਪ੍ਰਮੁੱਖ ਮੈਂਬਰ ਅਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਅੱਜ ਜ਼ਿਲਾ ਤੇ ਸੈਸ਼ਨਜ਼ ਜੱਜ ਫਰੀਦਕੋਟ ਦੀ ਅਦਾਲਤ ਵਿੱਚ ਇਕ ਅਰਜੀ ਪੇਸ਼ ਕੀਤੀ ਹੈ, ਜਿਸ ਮਗਰੋਂ ਸੋਸ਼ਲ ਮੀਡੀਆ ਉੱਤੇ ਇਸ ਅਰਜ਼ੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਦੋਸ਼ੀ ਲਿਖੇ ਜਾਣ ਦੀ ਗੱਲ ਚਰਚਾ ਵਿੱਚ ਆ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਐਸ ਆਈ ਟੀ ਨੇ ਸਿੱਧੇ ਤੌਰ ਉੱਤੇ ਹਾਲੇ ਕਿਸੇ ਕੇਸ ਵਿੱਚ ਦੋਵੇਂ ਬਾਦਲ ਪਿਤਾ-ਪੁੱਤਰ ਨੂੰ ਦੋਸ਼ੀ ਨਾਮਜ਼ਦ ਨਹੀਂ ਕੀਤਾ, ਜਿਸ ਤਰ੍ਹਾਂ ਸੋਸ਼ਲ ਮੀਡੀਆ ਉੱਤੇ ਦੱਸਿਆ ਜਾ ਰਿਹਾ ਹੈ, ਸਗੋਂ ਫਰੀਦਕੋਟ ਸੈਸ਼ਨ ਕੋਰਟ ਵਿੱਚ ਇਕ ਅਰਜ਼ੀ ਵਿੱਚ ਇਸ ਦਾ ਸਿਰਫ ਸੰਖੇਪ ਜਿਹਾ ਜ਼ਿਕਰ ਕੀਤਾ ਗਿਆ ਹੈ। ਇਸ ਨਵੀਂ ਅਰਜ਼ੀ ਦਾ ਮਕਸਦ ਕੋਈ ਹੋਰ ਦੱਸਿਆ ਜਾਂਦਾ ਹੈ, ਪਰ ਇਸ ਵਿੱਚ ਇਹ ਜ਼ਿਕਰ ਕੀਤਾ ਗਿਆ ਹੈ ਕਿ ਦੋਵੇਂ ਬਾਦਲ ਇਨ੍ਹਾਂ ਦੋਹਾਂ ਕੇਸਾਂ ਨਾਲ ਸਬੰਧਤ ਕੁਝ ਗੱਲਾਂ ਵਿੱਚ ਦੋਸ਼ੀ ਹਨ। ਫਿਰ ਵੀ ਇਸ ਤਰ੍ਹਾਂ ਲਿਖੇ ਜਾਣ ਦੀ ਸਰਕਾਰੀ ਤੌਰ ਉੱਤੇ ਪੁਸ਼ਟੀ ਨਹੀਂ ਹੋਈ ਅਤੇ ਸਿਰਫ ਏਨਾ ਪਤਾ ਲੱਗਾ ਹੈ ਕਿ ਏਦਾਂ ਦੀ ਗੱਲ ਲਿਖੀ ਹੋਈ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਇੱਕ ਹੱਦ ਤੱਕ ਕੁਝ ਕੇਸਾਂ ਵਿੱਚ ਦੋਸ਼ੀ ਹਨ। ਉਨ੍ਹਾਂ ਨੂੰ ਦੋਸ਼ੀ ਕਿਉਂ ਬਣਾਇਆ ਗਿਆ, ਉਨ੍ਹਾਂ ਉੱਤੇ ਧਾਰਾ ਕੀ ਲਾਈ ਗਈ ਹੈ, ਇਸ ਦਾ ਕੋਈ ਸਿੱਧਾ ਜ਼ਿਕਰ ਇਸ ਅਰਜ਼ੀ ਵਿੱਚ ਨਹੀਂ ਕੀਤਾ ਗਿਆ। ਦੱਸਿਆ ਗਿਆ ਹੈ ਕਿ ਇਹ ਅਰਜ਼ੀ ਫਰੀਦਕੋਟ ਜ਼ਿਲ੍ਹਾ ਅਟਾਰਨੀ (ਪ੍ਰੌਸੀਕਿਊਸ਼ਨ) ਦੇ ਰਾਹੀਂ ਦਾਇਰ ਕੀਤੀ ਗਈ ਹੈ।

ਅਗਲੀ ਹੈਰਾਨੀ ਵਾਲੀ ਗੱਲ ਹੈ ਕਿ ਐੱਸ ਆਈ ਟੀ ਨੇ ਫਰੀਦਕੋਟ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਹਰਵਿੰਦਰ ਸਿੰਘ ਸਿੰਧੀਆ ਨੂੰ ਵੀ ਇਨ੍ਹਾਂ ਕੇਸਾਂ ਤੋਂ ਵੱਖ ਕਰਨ ਦੇ ਲਈ ਮੰਗ ਕਰ ਦਿੱਤੀ ਗਈ ਹੈ। ਐੱਸ ਆਈ ਟੀ ਵੱਲੋਂ ਕਿਹਾ ਗਿਆ ਹੈ ਕਿ ਮੈਜਿਸਟਰੇਟ ਹਰਵਿੰਦਰ ਸਿੰਘ ਸਿੰਧੀਆ ਦੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨਾਲ ਪਰਵਾਰਕ ਸੰਬੰਧ ਹਨ, ਜਿਸ ਕਰ ਕੇ ਉਨ੍ਹਾਂ ਨੂੰ ਕੇਸਾਂ ਦੀ ਸੁਣਵਾਈ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ। ਫਰੀਦਕੋਟ ਦੇ ਕਾਰਜਕਾਰੀ ਸੈਸ਼ਨ ਜੱਜ ਇਸ ਬਾਰੇ ਪੱਤਰ ਭੇਜ ਕੇ ਮੈਜਿਸਟਰੇਟ ਹਰਵਿੰਦਰ ਸਿੰਘ ਸਿੰਧੀਆ ਤੋਂ ਜਵਾਬ ਮੰਗਿਆ ਹੈ।

# ਸਾਬਕਾ ਅਕਾਲੀ ਵਿਧਾਇਕ ਦੀ ਮਾਂ ਦੇ ਖਾਤੇ ਤੋਂ ਡਰਾਈਵਰ ਨੇ 5.15 ਲੱਖ ਰੁਪਏ ਕੱਢਵਾ ਲਏ




ਜਲੰਧਰ, 28 ਜੂਨ (ਪੋਸਟ ਬਿਊਰੋ)- ਸਾਬਕਾ ਅਕਾਲੀ ਵਿਧਾਇਕ ਅਵਿਨਾਸ਼ ਚੰਦਰ ਕਲੇਰ ਦੀ ਮਾਂ ਤੇ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਦੀ ਚੀਫ ਐਡਮਿਨਿਸਟਰੇਟਰ ਬਬੀਤਾ ਕਲੇਰ ਦੀ ਮਰਹੂਮ ਸੱਸ ਭਾਗ ਦੇਵੀ ਦੇ ਖਾਤੇ ਤੋਂ ਉਨ੍ਹਾਂ ਦੇ ਡਰਾਈਵਰ ਲਖਵਿੰਦਰ ਸਿੰਘ ਨੇ 5.15 ਲੱਖ ਰੁਪਏ ਕੱਢਵਾ ਲਏ ਹਨ। ਅਵਿਨਾਸ਼ ਚੰਦਰ ਦੇ ਛੋਟੇ ਭਾਈ ਸਟੀਫਨ ਕਲੇਰ ਦੀ ਸ਼ਿਕਾਇਤ 'ਤੇ ਨਿਊ ਸੁਰਾਜਗੰਜ ਦੇ ਵਸਨੀਕ ਲਖਵਿੰਦਰ ਸਿੰਘ ਦੇ ਖ਼ਿਲਾਫ਼ ਥਾਣਾ-6 ਵਿੱਚ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਜੇ ਡੀ ਏ ਦੀ ਚੀਫ ਐਡ-ਮਿਨਿਸਟਰੇਟਰ (ਸੀ ਏ) ਬਬੀਤਾ ਕਲੇਰ ਦੇ 52 ਸਾਲਾ ਪਤੀ ਸਟੀਫਨ ਕਲੇਰ ਵਾਸੀ ਬੂਟਾਂ ਮੰਡੀ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਨ੍ਹਾਂ ਦੀ ਮਾਂ ਭਾਗ ਦੇਵੀ ਦਾ 27 ਅਕਤੂਬਰ 2019 ਨੂੰ ਦੇਹਾਂਤ ਹੋ ਚੁੱਕਾ ਹੈ। ਉਹ ਇੱਕ ਦਿਨ ਆਪਣੇ ਪਿਤਾ ਅਤੇ ਮਾਂ ਦੀ ਬੈਂਕ ਸਟੇਟਮੈਂਟ ਦੇਖ ਰਹੇ ਤਾਨ ਵੇਖਿਆ ਕਿ ਮਾਂ ਦੇ ਸਿੰਡੀਕੇਟ ਬੈਂਕ ਵਾਲੇ ਖਾਤੇ ਤੋਂ ਮਈ 2019 ਤੋਂ ਸਤੰਬਰ 2019 ਦੌਰਾਨ ਸਾਢੇ ਪੰਜ ਲੱਖ ਰੁਪਏ ਕੱਢੇ ਗਏ ਸੀ। ਇੰਨੇ ਪੈਸੇ ਦੀ ਕਦੀ ਮਾਂ ਨੂੰ ਜ਼ਰੂਰਤ ਹੀ ਨਹੀਂ ਪਈ। ਜਦੋਂ ਮਾਂ ਦੀ ਚੈਕ ਬੁੱਕ ਖੋਲ੍ਹ ਕੇ ਦੇਖੀ ਤਾਂ ਰਿਕਾਰਡ ਵਾਲੇ ਪੇਜ ਉੱਤੇ ਸਿਰਫ 35 ਹਜ਼ਾਰ ਰੁਪਏ ਕੱਢਣ ਲਈ ਭਰੇ ਗਏ ਸੀ। ਇਹ ਪੈਸੇ ਪੰਜ ਵਾਰ ਵਿੱਚ ਚੈਕ ਭਰ ਕੇ ਕੱਢੇ ਗਏ ਸਨ। ਸਟੀਫਨ ਦਾ ਕਹਿਣਾ ਹੈ ਕਿ ਮਾਂ ਘੱਟ ਪੜ੍ਹੀ-ਲਿਖੀ ਸੀ ਅਤੇ ਉਹ ਕੇਵਲ ਸਾਈਨ ਕਰਨਾ ਜਾਣਦੀ ਸੀ ਅਤੇ ਮਾਂ ਦੇ ਸਾਰੇ ਕੰਮ ਉਨ੍ਹਾਂ ਦਾ ਡਰਾਈਵਰ ਲਖਵਿੰਦਰ ਸਿੰਘ ਕਰਦਾ ਸੀ। ਬੈਂਕ ਤੋਂ ਤਿੰਨ ਵਾਰ ਇੱਕ-ਇੱਕ ਲੱਖ, ਇੱਕ ਵਾਰ ਦੋ ਲੱਖ ਅਤੇ ਇੱਕ ਵਾਰ ਪੰਜਾਹ ਹਜ਼ਾਰ ਰੁਪਏ ਕੱਢੇ ਗਏ ਸਨ। ਸਟੀਫਨ ਨੇ ਦੱਸਿਆ ਕਿ ਲਖਵਿੰਦਰ ਨੇ ਉਨ੍ਹਾਂ ਦੀ ਮਾਂ ਕੋਲੋਂ ਇਹ ਕਹਿ ਕੇ ਕੰਮ ਛੱਡ ਦਿੱਤਾ ਸੀ ਕਿ ਉਹ ਪੋਲੈਂਡ ਜਾ ਰਿਹਾ ਹੈ, ਪਰ ਉਹ ਗਿਆ ਨਹੀਂ। ਪੁਲਸ ਦੀ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਕਿ ਲਖਵਿੰਦਰ ਹੀ ਭਾਗ ਦੇਵੀ ਦੇ ਪੈਸੇ ਕੱਢਣ ਜਾਂਦਾ ਸੀ ਤੇ ਜੇ ਭਾਗ ਦੇਵੀ ਦਸ ਹਜ਼ਾਰ ਰੁਪਏ ਕੱਢਣ ਨੂੰ ਕਹਿੰਦੀ ਤਾਂ ਉਹ ਪਿਛੇ ਜ਼ੀਰੋ ਲਾ ਕੇ ਇੱਕ ਲੱਖ ਕੱਢਵਾ ਲੈਂਦਾ ਸੀ। ਥਾਣਾ-6 ਦੇ ਐਸ ਐਚ ਓ ਸੁਰਜੀਤ ਸਿੰਘ ਗਿਲ ਨੇ ਕਿਹਾ ਕਿ ਜਾਂਚ ਪਿੱਛੋਂ ਲਖਵਿੰਦਰ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਪੁਲਸ ਉਸ ਨੂੰ ਅਰੈਸਟ ਕਰ ਕੇ ਪਤਾ ਕਰੇਗੀ ਕਿ ਉਸ ਨੇ ਚੈੱਕ ਉੱਤੇ ਭਾਗ ਦੇਵੀ ਦੇ ਫਰਜ਼ੀ ਸਾਈਨ ਤਾਂ ਨਹੀਂ ਲਏ ਸਨ। ਇਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਪਾਕਿ ਮੂਲ ਦਾ ਪੰਜਾਬੀ ਲੇਖਕ ਅਮੀਨ ਮਲਿਕ ਵੀ ਤੁਰ ਗਿਆ

ਚੰਡੀਗੜ੍ਹ, 28 ਜੂਨ (ਪੋਸਟ ਬਿਊਰੋ)- ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਕਰਨ ਵਾਲੇ ਅਮੀਨ ਮਲਿਕ ਦਾ ਦੇਹਾਂਤ ਹੋ ਗਿਆ ਹੈ। ਕੈਂਸਰ ਤੋਂ ਪੀੜਤ ਮਲਿਕ ਆਪਣੇ ਮਿੱਤਰਾਂ ਨਾਲ ਕੇਵਲ ਖੁਸ਼ੀਆਂ ਹੀ ਸਾਂਝੀਆਂ ਕਰਦਾ ਸੀ ਅਤੇ ਦੁੱਖ ਕੱਲਿਆਂ ਸਹਿੰਦਾ ਸੀ। ਵੰਡ ਦੇ ਦਰਦ ਭਰੇ ਅਫ਼ਸਾਨੇ ਸੁਣਾਉਂਦਾ ਉਹ ਖੁਦ ਵੀ ਜਾਰ ਜਾਰ ਰੋਂਦਾ ਸੀ ਤੇ ਅਗਲੇ ਨੂੰ ਵੀ ਨਾਲ ਵਹਾਅ ਕੇ ਲੈ ਜਾਂਦਾ ਸੀ। ਉਹ ਆਖਿਰ ਇਸ ਰੋਗ ਹੱਥੋਂ ਹਾਰ ਗਿਆ ਹੈ।

ਪਿਛਲੇ ਵਰ੍ਹੇ ਅਮੀਨ ਮਲਿਕ ਵਲੈਤ ਤੋਂ ਅੰਮ੍ਰਿਤਸਰ ਵਿੱਚ ਯਾਰਾਂ ਬੇਲੀਆਂ ਨੂੰ ਮਿਲਣ ਅਤੇ ਆਪਣੀ ਪੁਸਤਕ ਦੀ ਘੁੰਡ ਚੁਕਾਈ ਕਰਾਉਣ ਆਇਆ ਸੀ। ਉਹ ਮਿੱਠੀ ਤੇ ਸੁਰੀਲੀ ਪੰਜਾਬੀ ਜ਼ੁਬਾਨ ਬੋਲਦਾ ਤੇ ਉਸੇ ਵਿੱਚ ਅਫਸਾਨਾ ਨਿਗਾਰੀ ਤੇ ਹੋਰ ਮਜ਼ਮੂਨ ਲਿਖਦਾ ਸੀ। ਉਸ ਨੇ ਰੱਜ ਕੇ ਲਿਖਿਆ ਅਤੇ ਉਸ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬੀਆਂ ਨੇ ਬੇਪਨਾਹ ਮੁਹੱਬਤ ਕੀਤੀ। ਉਸਨੇ ਚਾਰ ਦਹਾਕਿਆਂ ਤੋਂ ਠੇਠ, ਠੁੱਕਦਾਰ ਅਤੇ ਖ਼ਾਲਿਸ ਪੰਜਾਬੀ ਲਿਖ ਕੇ ਦੋਵਾਂ ਪੰਜਾਬਾਂ ਵਿੱਚ ਚੋਖੀ ਸ਼ੋਹਰਤ ਕਮਾਈ। ਉਹ ਬੇਲਿਹਾਜ਼ ਹੋ ਕੇ ਲਿਖਦਾ ਸੀ। ਉਸ ਨੇ ਆਪਣੀ ਲੇਖਣੀ ਨਾਲ ਕਈ ਮਿੱਤਰ ਬਣਾਏ ਤੇ ਕਈਆਂ ਨਾਲ ਆਢਾ ਵੀ ਲਾਇਆ। ਉਸ ਦੀਆਂ ਪੰਜਾਬੀ ਜ਼ੁਬਾਨ ਬਾਰੇ ਲਿਖਤਾਂ ਅਕਸਰ ਭਾਵੁਕ ਕਰਦੀਆਂ ਤੇ ਜ਼ਿਹਨ ਨੂੰ ਵੀ ਹਲੂਣਦੀਆਂ। ਦੇਸ਼ ਵੰਡ ਦਾ ਜ਼ਿਕਰ ਕਰਦਿਆਂ ਉਸ ਨੇ ਨੈਣ ਅਕਸਰ ਛਲਕ ਜਾਂਦੇ। ਉਸ ਦਾ ਨਵਾਂ ਲਿਖਿਆ ਨਾਵਲ 'ਅੱਥਰੀ' ਸ਼ਾਹਮੁਖੀ ਅਤੇ ਗੁਰਮੁਖੀ ਦੋਵਾਂ ਲਿੱਪੀਆਂ 'ਚ ਛਪਿਆ ਅਤੇ ਪੜ੍ਹਿਆ ਵੀ ਗਿਆ।

ਅਮੀਨ ਦੇ ਆਉਣ ਦੀ ਖ਼ਬਰ ਸੁਣ ਕੇ ਮਿੱਤਰਾਂ ਬੇਲੀਆਂ ਨੂੰ ਚਾਅ ਚੜ੍ਹ ਜਾਂਦਾ ਸੀ। ਉਹ ਕਈ ਵਾਰ ਵਲੈਤੋਂ ਲੰਮੇ ਲੰਮੇ ਫੋਨ ਕਰਦਾ ਅਤੇ ਠਹਾਕੇ ਮਾਰ ਮਾਰ ਹੱਸਦਾ ਸੀ। ਉਹ ਦੋਵਾਂ ਪੰਜਾਬਾਂ ਵਿੱਚ ਇਵੇਂ ਵਿਚਰਦਾ ਸੀ ਜਿਵੇਂ ਵਾਰਿਸ ਦੀ ਹੀਰ ਬੇਲੇ 'ਚ ਵਿਚਰਦੀ ਹੈ। ਉਸਦੀ ਨਜ਼ਰ ਵਿੱਚ ਅਦਬ ਦੀ ਕਦਰ ਸੀ, ਉਹ ਦੋਵਾਂ ਪਾਸੇ ਦੀਆਂ ਵੰਡੀਆਂ ਨੂੰ ਪਸੰਦ ਨਹੀਂ ਕਰਦਾ ਸੀ। ਉਸ ਦੇ ਝਗੜੇ ਵਰਤੀ ਤੇ ਮਿੱਤਰਤਾਈਆਂ ਸਦੀਵੀ ਸਨ। ਉਹ ਅਕਸਰ ਹੀ ਜਲੰਧਰ ਦੇ ਦੇਸ਼ਭਗਤ ਯਾਦਗਾਰ ਹਾਲ ਆਉਂਦਾ ਤੇ ਲਾਹੌਰ ਦੀ ਯਾਦ ਕਰਵਾ ਦਿੰਦਾ।

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host



Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਭਾਰਤ ਵੱਲ ਚੀਨ ਦੀ ਨੀਤੀ ਅਤੇ ਸਵਾਲ ਭਾਰਤੀ ਲੀਡਰਸ਼ਿਪ ਦੇ ਬੇਤੁਕੇ ਅਤੇ ਬੇਲੋੜੇ ਬਿਆਨਾਂ ਦਾ ਨਤੀਜਾ





ਜਤਿੰਦਰ ਪੰਨੂ

ਭਾਰਤੀ ਨਾਗਰਿਕ ਹੋਣ ਦੇ ਨਾਤੇ ਚੀਨ ਦੀ ਅਜੋਕੀ ਨੀਤੀ ਜਿੰਨੀ ਕਿਸੇ ਹੋਰ ਨੂੰ ਚੁਭਦੀ ਹੈ, ਸਾਨੂੰ ਵੀ ਉਸ ਤੋਂ ਵੱਧ ਨਹੀਂ ਤਾਂ ਕਿਸੇ ਹੋਰ ਤੋਂ ਘੱਟ ਨਹੀਂ ਚੁਭਦੀ। ਜਦੋਂ ਸਵਾਲ ਸਰਹੱਦ ਦੀ ਬਜਾਏ ਡੰਗ ਟਪਾਊ ਅਸਲ ਕੰਟਰੋਖ ਰੇਖਾ ਉਲੰਘਣ ਅਤੇ ਝੜਪ ਹੋਣ ਨਾਲ ਭਾਰਤ ਦੇ ਵੀਹ ਫੌਜੀਆਂ ਦੇ ਮਾਰੇ ਜਾਣ ਦਾ ਹੁੰਦਾ ਹੈ, ਸਾਨੂੰ ਵੀ ਇਸ ਦਾ ਓਨਾ ਹੀ ਗੁੱਸਾ ਆਉਂਦਾ ਹੈ ਤੇ ਆਉਣਾ ਵੀ ਚਾਹੀਦਾ ਹੈ, ਜਿੰਨਾ ਇਸ ਦੇਸ਼ ਵਿੱਚ ਕਿਸੇ ਹੋਰ ਨੂੰ ਆਉਂਦਾ ਹੈ। ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੀਨ ਨੇ ਬਹੁਤ ਸਾਰੇ ਖੇਤਰਾਂ ਵਿੱਚ ਤਰੱਕੀ ਕੀਤੀ ਹੈ, ਇਹ ਤਰੱਕੀ ਉਸ ਨੂੰ ਮੁਬਾਰਕ, ਪਰ ਆਪਣੇ ਗਵਾਂਢੀ ਦੇਸ਼ਾਂ ਨਾਲ ਉਹ ਕੋਈ ਚੰਗਾ ਵਿਹਾਰ ਨਹੀਂ ਕਰਦਾ। ਇੱਕ ਵਕਤ ਸੰਸਾਰ ਭਰ ਦੇ ਖੱਬੇ ਪੱਖੀਆਂ ਅਤੇ ਦੇਸ਼ਭਗਤ ਸੋਚ ਵਾਲੇ ਹੋਰ ਲੋਕਾਂ ਨੂੰ ਅਮਰੀਕਾ ਨਾਲ ਸਿੱਧਾ ਭਿੜ ਰਹੇ ਵੀਅਤਨਾਮ ਦੇ ਨਾਲ ਭਾਵਕ ਸਾਂਝ ਨਾਲ ਭਰਪੂਰ ਦੇਖਿਆ ਜਾਂਦਾ ਸੀ, ਪਰ ਜਦੋਂ ਸਾਮਰਾਜੀ ਜੂਲੇ ਤੋਂ ਉਸ ਦੀ ਬੰਦ ਖਲਾਸੀ ਹੋਈ ਤਾਂ ਉਸ ਨਾਲ ਵੀ ਚੀਨ ਨੇ ਆਢਾ ਲਾ ਲਿਆ ਸੀ। ਉਸ ਵਕਤ ਅਮਰੀਕੀ ਕਮਿਊਨਿਸਟ ਪਾਰਟੀ ਦੇ ਜਨਰਲ ਸੈਕਟਰੀ ਗੱਸ ਹਾਲ ਦੀ ਚੀਨੀ ਆਗੂਆਂ ਦੇ ਨਾਂਅ ਇੱਕ ਖੁੱਲ੍ਹੀ ਚਿੱਠੀ ਬਹੁਤ ਚਰਚਿਤ ਹੋਈ ਸੀ, ਜਿਸ ਨੇ ਪੜ੍ਹੀ ਹੋਵੇਗੀ, ਉਹ ਅੱਜ ਦੇ ਚੀਨ ਦੀਆਂ ਨੀਤੀਆਂ ਬਾਰੇ ਵੱਧ ਚੰਗੀ ਤਰ੍ਹਾਂ ਸਮਝ ਸਕਦੇ ਹਨ। ਚੀਨ ਦੀ ਲੀਡਰਸ਼ਿਪ ਇਸ ਵਕਤ ਬਾਕੀ ਸੰਸਾਰ ਨਾਲ ਕਿਵੇਂ ਵਰਤਦੀ ਹੈ, ਉਸ ਨੂੰ ਛੱਡ ਕੇ ਸਿਰਫ ਭਾਰਤ ਬਾਰੇ ਵੇਖਿਆ ਜਾਵੇ ਤਾਂ ਉਸ ਦਾ ਵਿਹਾਰ ਆਮ ਕਰ ਕੇ ਵੈਰ-ਭਾਵੀ ਗਵਾਂਢੀ ਵਾਲਾ ਰਿਹਾ ਹੈ।

ਅਸੀਂ 1962 ਦੀ ਜੰਗ ਦੀ ਗੱਲ ਨਹੀਂ ਛੇੜਨਾ ਚਾਹੁੰਦੇ, ਜਿਸ ਦੀ ਜਾਂਚ ਰਿਪੋਰਟ ਉਸ ਵਕਤ ਤੋਂ ਅੱਜ ਤਕ ਸਾਡੇ ਦੇਸ਼ ਦੀਆਂ ਕਈ ਸਰਕਾਰਾਂ ਨੇ ਰਿਲੀਜ਼ ਕਰਨ ਦੇ ਵਾਅਦੇ ਕੀਤੇ, ਨਰਿੰਦਰ ਮੋਦੀ ਨੇ ਵੀ ਇਹੋ ਵਾਅਦਾ ਕੀਤਾ ਸੀ, ਬਾਅਦ ਵਿੱਚ ਸਭ ਨੇ ਭੁਲਾ ਦਿੱਤੇ ਤੇ ਫਿਰ ਗੱਲ ਆਈ-ਗਈ ਹੋ ਜਾਂਦੀ ਰਹੀ। ਸਾਡੇ ਸਮਿਆਂ ਵਿੱਚ ਚੀਨ ਜੰਗ ਛੇੜ ਦੇਵੇਗਾ, ਇਹ ਗੱਲ ਬੜੀ ਦੇਰ ਦੀ ਚੱਲਦੀ ਸੀ, ਪਰ ਜੰਗ ਦੀ ਸੰਭਾਵਨਾ ਅੱਜ ਜਿੰਨੀ ਕਦੇ ਨਹੀਂ ਬਣੀ। ਅੱਜ ਵੀ ਇਹ ਕੋਈ ਪੱਕਾ ਨਹੀਂ ਕਿ ਜੰਗ ਲੱਗੇਗੀ, ਇਹ ਟਲਣੀ ਚਾਹੀਦੀ ਹੈ ਤੇ ਟਲ ਸਕਦੀ ਹੈ। ਫਿਰ ਵੀ ਚੀਨ ਦਾ ਵਿਹਾਰ ਕਈ ਮਾਮਲਿਆਂ ਵਿੱਚ ਭਾਰਤ ਦੇ ਲੋਕਾਂ ਨੂੰ ਨਾ ਸਿਰਫ ਚੁਭਦਾ ਹੈ, ਸਗੋਂ ਕਿਸੇ ਖਾਸ ਨੀਤੀ ਦਾ ਪ੍ਰਤੀਕ ਜਾਪਦਾ ਹੈ। ਕਈ ਸਾਲ ਪਹਿਲਾਂ ਜਦੋਂ ਉਸ ਦੇ ਇੰਜੀਨੀਅਰ ਪਾਕਿ-ਸਤਾਨ ਦੇ ਖੋਕਰਾਪਾਰ ਰੇਲਵੇ ਸਟੇਸ਼ਨ ਉੱਤੇ ਆ ਬੈਠੇ ਸਨ, ਅਸੀਂ ਓਦੋਂ ਵੀ ਕਿਹਾ ਸੀ ਕਿ ਚੀਨ ਦਾ ਏਥੇ ਆਉਣਾ ਠੀਕ ਨਹੀਂ। ਭਾਰਤ-ਪਾਕਿਸਤਾਨ ਵਿਚਾਲੇ ਜਿਵੇਂ ਅਟਾਰੀ-ਵਾਹਗਾ ਰੇਲ ਲਾਈਨ ਹੈ, ਉਸੇ ਤਰ੍ਹਾਂ ਰਾਜਸਥਾਨ ਦੇ ਮੁਨਾਬਾਓ ਤੋਂ ਪਾਕਿਸਤਾਨ ਦੇ ਖੋਕਰਾਪਾਰ ਵਿਚਾਲੇ ਵੀ ਰੇਲ ਲਿੰਕ ਹੈ ਤੇ ਖੋਕਰਾਪਾਰ ਦਾ ਰੇਲਵੇ ਸਟੇਸ਼ਨ ਓਥੇ ਸਰਹੱਦ ਦੀ ਲਾਈਨ ਪਾਰ ਕਰਦੇ ਸਾਰ ਹੀ ਬਣਿਆ ਹੋਇਆ ਹੈ। ਕਈ ਸਾਲ ਪਹਿਲਾਂ ਉਸ ਰੇਲਵੇ ਸਟੇਸ਼ਨ ਨੂੰ ਅਪਗਰੇਡ ਕਰਨ ਦੇ ਬਹਾਨੇ ਚੀਨ ਦੇ ਫੌਜੀ ਇੰਜੀਨੀਅਰ ਓਥੇ ਆਣ ਬੈਠੇ ਸਨ ਤੇ ਕਈ ਮਹੀਨੇ ਓਥੇ ਹੀ ਰਹੇ ਸਨ। ਐਟਮੀ ਤਾਕਤ ਹੋਣ ਦੇ ਦਾਅਵੇ ਕਰਨ ਵਾਲਾ ਪਾਕਿਸਤਾਨ ਆਪਣਾ ਰੇਲਵੇ ਸਟੇਸ਼ਨ ਵੀ ਅਪਗਰੇਡ ਨਹੀਂ ਕਰ ਸਕਦਾ, ਇਹ ਗੱਲ ਮੰਨਣੀ ਔਖੀ ਹੈ, ਇਹ ਸਿਰਫ ਚੀਨੀ ਫੌਜੀਆਂ ਦੇ ਓਥੇ ਆਉਣ ਦਾ ਬਹਾਨਾ ਸਮਝਿਆ ਗਿਆ ਸੀ। ਅਸੀਂ ਉਸ ਤੋਂ ਬਾਅਦ ਪਾਕਿਸਤਾਨ ਵਿੱਚ ਸੜਕਾਂ ਬਣਾਉਣ ਦੇ ਬਹਾਨੇ ਹਰ ਥਾਂ ਚੀਨ ਦੇ ਫੌਜੀ ਇੰਜੀਨੀਅਰਾਂ ਦਾ ਆਉਣਾ ਵੀ ਵੇਖਿਆ ਹੋਇਆ ਹੈ।

ਚੀਨ ਸਰਕਾਰ ਅਤੇ ਉਸ ਨੂੰ ਚਲਾਉਣ ਵਾਲਿਆਂ ਦੀਆਂ ਨੀਤੀਆਂ ਆਪਣੀ ਥਾਂ ਹਨ, ਅਤੇ ਇਹ ਨੀਤੀਆਂ ਭਾਰਤੀ ਲੋਕਾਂ ਦੇ ਲਈ ਚੰਗੀਆਂ ਨਹੀਂ ਜਾਪਦੀਆਂ, ਪਰ ਭਾਰਤ ਵਿੱਚ ਚੀਨ ਦੀ ਘਰ-ਘਰ ਪਹੁੰਚ ਕਰਨ ਵੇਲੇ ਇਹ ਗੱਲਾਂ ਕਿਸੇ ਵੀ ਪਾਰਟੀ ਨੇ ਨਹੀਂ ਸਨ ਸੋਚੀਆਂ। ਅੱਜ ਭਾਰਤ ਵਿੱਚ ਸਭ ਤੋਂ ਵੱਧ ਵਿਕਦੇ ਪੰਜ ਮੋਬਾਈਲ ਫੋਨ ਸੈੱਟਾਂ ਵਿੱਚੋਂ ਚਾਰ ਚੀਨ ਦੇ ਬਣੇ ਵਿਕਦੇ ਹਨ। ਨਰਿੰਦਰ ਮੋਦੀ ਸਰਕਾਰ ਬਾਈਕਾਟ ਦਾ ਨਾਅਰਾ ਦੇ ਰਹੀ ਹੈ। ਲੋਕ ਬਾਈਕਾਟ ਵੀ ਕਰਨ ਤਾਂ ਇਸ ਤੋਂ ਬਾਅਦ ਨਹੀਂ ਖਰੀਦਣਗੇ, ਪਹਿਲੇ ਖਰੀਦੇ ਸੈੱਟ ਕਿਸੇ ਨੇ ਨਹਿਰ ਵਿੱਚ ਨਹੀਂ ਸੁੱਟਣੇ, ਉਹ ਫਿਰ ਵੀ ਚੱਲਦੇ ਰਹਿਣਗੇ। ਟੀ ਵੀ ਚੈਨਲਾਂ ਵਾਲੇ ਐਂਕਰ ਮੁੰਡੇ-ਕੁੜੀਆਂ ਜਦੋਂ ਭਾਰਤ ਦੇ ਲੋਕਾਂ ਨੂੰ ਚੀਨੀ ਮਾਲ ਦੇ ਬਾਈਕਾਟ ਨੂੰ ਉਕਸਾਉਂਦੇ ਹਨ ਤਾਂ ਉਨ੍ਹਾਂ ਦੇ ਸਾਹਮਣੇ ਪਏ ਲੈਪ-ਟਾਪ ਉੱਤੇ ਚੀਨੀ ਕੰਪਨੀ ਦਾ ਨਾਂਅ ਲਿਖਿਆ ਸਾਫ ਦਿੱਸਦਾ ਹੁੰਦਾ ਹੈ। ਚੀਨ ਦੀ ਕੰਪਨੀ ਏਹੋ ਜਿਹਾ ਸਾਮਾਨ ਜਦੋਂ ਭਾਰਤ ਵਿੱਚ ਵੇਚਦੀ ਹੈ ਤਾਂ ਨਾ ਉਸ ਦੇ ਮੈਨੇਜਰ ਤੇ ਸੇਲਜ਼-ਪਰਸਨ ਚੀਨ ਤੋਂ ਆਉਂਦੇ ਹਨ ਤੇ ਨਾ ਮਾਲ ਹੀ ਚੀਨ ਦਾ ਬਣਿਆ ਹੁੰਦਾ ਹੈ। ਸ਼ਿਓਮੀ ਨਾਂਅ ਦੀ ਚੀਨੀ ਕੰਪਨੀ ਦੇ ਸੱਤ ਪਲਾਂਟ ਭਾਰਤ ਵਿੱਚ ਲੱਗੇ ਹੋਏ ਹਨ ਅਤੇ ਭਾਰਤ ਵਿੱਚ ਉਨ੍ਹਾਂ ਦਾ ਸਭ ਤੋਂ ਵੱਡਾ ਅਧਿਕਾਰੀ ਮਨੂੰ ਜੈਨ ਚੀਨੀ ਨਹੀਂ, ਭਾਰਤੀ ਹੈ। ਆਂਧਰਾ ਪ੍ਰਦੇਸ਼ ਦੇ ਤਿਰੂਪਤੀ ਅਤੇ ਸ੍ਰੀਸਿਟੀ ਦੋ ਸ਼ਹਿਰਾਂ ਵਿੱਚ ਅਤੇ ਤਾਮਿਲ ਨਾਡੂ ਦੇ ਸ੍ਰੀਪੇਰੰਬਦੂਰ ਜਾਂ ਉੱਤਰ ਪ੍ਰਦੇਸ਼ ਦੇ ਦਿੱਲੀ ਨਾਲ ਜੁੜਵੇਂ ਨੋਇਡਾ ਨਾਂਅ ਦੇ ਸ਼ਹਿਰ ਵਿੱਚ ਇਹ ਪਲਾਂਟ ਉਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿੱਚ ਲੱਗੇ ਹਨ, ਜਿਹੜਾ ਚੀਨ ਦੇ ਬਾਈਕਾਟ ਦੀ ਮੁਹਿੰਮ ਦਾ ਆਗੂ ਸਮਝਿਆ ਜਾਂਦਾ ਹੈ। ਗੁਜਰਾਤ ਵਿੱਚ ਨਰਿੰਦਰ ਮੋਦੀ ਵੱਲੋਂ ਲਵਾਇਆ ਸਰਦਾਰ ਪਟੇਲ ਦਾ ਬੁੱਤ ਵੀ ਚੀਨ ਦੀ ਕਾਰੀਗਰੀ ਦਾ ਨਮੂਨਾ ਪੇਸ਼ ਕਰਦਾ ਹੈ ਤੇ ਧਾਰਮਿਕ ਮੂਰਤੀਆਂ ਅਤੇ ਹੋਰ ਪ੍ਰਤੀਕ ਵੀ ਚੀਨ ਦੇ ਬਣਾਏ ਹੋਏ ਭਾਰਤ ਵਿੱਚ ਵਿਕਦੇ ਹਨ ਤੇ ਇਸ ਦਾ ਤੋੜ ਭਾਰਤ ਦੀ ਸਰਕਾਰ ਕੋਲ ਕੋਈ ਹੈ ਨਹੀਂ। ਦੇਸ਼ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਖਿਝ ਰਹੀ ਹੈ ਕਿ ਅਸੀਂ ਏਨੇ ਗਏ-ਬੀਤੇ ਹਾਂ ਕਿ ਆਪਣੇ ਲਈ ਧਾਰਮਿਕ ਮੂਰਤੀਆਂ ਨਹੀਂ ਬਣਾ ਸਕਦੇ, ਪਰ ਇਸ ਨਾਲ ਉਹ ਸਾਫ ਮੰਨ ਜਾਂਦੀ ਹੈ ਕਿ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਮੰਦਰਾਂ ਵਿੱਚ ਚੀਨ ਤੋਂ ਬਣਵਾਈਆਂ ਪਈਆਂ ਹਨ। ਇਹ ਸਾਰਾ ਕੁਝ ਹੁੰਦੇ ਹੋਏ ਵੀ ਜਿਹੜਾ ਕੋਈ ਬਾਈਕਾਟ ਕਰਵਾ ਸਕਦਾ ਹੈ, ਕਰਵਾ ਲਵੇ, ਕੋਈ ਰੋਕਣ ਨਹੀਂ ਲੱਗਾ।

ਇਸ ਬਾਈਕਾਟ ਕਰਨ ਜਾਂ ਨਾ ਕਰਨ ਤੋਂ ਵੱਡੀ ਗੱਲ ਸੋਚਣ ਵਾਲੀ ਇਹ ਹੈ ਕਿ ਜਿਹੜਾ ਮੁੱਦਾ ਇਸ ਵੇਲੇ ਲੋਕਾਂ ਦੀ ਬਹਿਸ ਦਾ ਕੇਂਦਰ ਬਣਿਆ ਪਿਆ ਹੈ, ਉਸ ਵਿੱਚ ਕੇਂਦਰ ਸਰਕਾਰ ਅਤੇ ਖੁਦ ਪ੍ਰਧਾਨ ਮੰਤਰੀ ਇੱਕ ਪਿਛੋਂ ਦੂਸਰੀ ਅਜਿਹੀ ਗੱਲ ਕਹੀ ਜਾਂਦੇ ਹਨ, ਜਿਸ ਨਾਲ ਭਾਰਤ ਦੀ ਸਥਿਤੀ ਹਾਸੋਹੀਣੀ ਹੋਈ ਜਾਂਦੀ ਹੈ। ਪ੍ਰਧਾਨ ਮੰਤਰੀ ਨੂੰ ਪਹਿਲਾਂ ਇਹ ਗੱਲ ਕਹਿੰਦੇ ਸੁਣਿਆ ਗਿਆ ਕਿ ਭਾਰਤ ਦੀ ਹੱਦ ਵਿੱਚ ਚੀਨ ਇੱਕ ਇੰਚ ਵੀ ਘੁਸਪੈਠ ਨਹੀਂ ਕਰ ਸਕਿਆ ਅਤੇ ਭਾਸ਼ਣ ਚੱਲਦੇ ਵਿੱਚ ਹੀ ਦੂਸਰੀ ਗੱਲ ਉਨ੍ਹਾਂ ਕਹਿ ਦਿੱਤੀ ਕਿ ਚੀਨ ਵਾਲੇ ਸਾਡੀ ਹੱਦ ਵਿੱਚ ਆ ਕੇ ਉਸਾਰੀ ਕਰਦੇ ਸਨ ਅਤੇ ਸਾਡੇ ਫੌਜੀ ਜਵਾਨਾਂ ਨੇ ਜਾ ਕੇ ਰੋਕਿਆ ਤਾਂ ਝੜਪ ਹੋਈ ਸੀ। ਲੋਕ ਹੈਰਾਨ ਸਨ ਕਿ ਨਾਲੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਹ ਇੱਕ ਇੰਚ ਅੱਗੇ ਨਹੀਂ ਆਏ ਤੇ ਨਾਲੇ ਕਿਹਾ ਹੈ ਕਿ ਸਾਡੀ ਹੱਦ ਵਿੱਚ ਉਹ ਉਸਾਰੀ ਕਰਦੇ ਪਏ ਸਨ। ਅੱਗੇ ਨਹੀਂ ਸਨ ਆਏ ਤਾਂ ਸਾਡੀ ਹੱਦ ਵਿੱਚ ਉਹ ਉਸਾਰੀ ਕਿਵੇਂ ਕਰਦੇ ਸਨ? ਇਹ ਗੱਲ ਸਮਝ ਤੋਂ ਪਰੇ ਸੀ। ਫਿਰ ਇਹ ਸਵਾਲ ਉੱਠ ਪਿਆ ਹੈ ਕਿ ਚੀਨ ਸਾਡੀ ਹੱਦ ਵਿੱਚ ਵੜਿਆ ਨਹੀਂ ਸੀ ਤਾਂ ਝੜਪ ਵਿੱਚ ਭਾਰਤੀ ਫੌਜੀ ਜਿਸ ਥਾਂ ਮਾਰੇ ਗਏ, ਉਹ ਜਗ੍ਹਾ ਕਿੱਧਰ ਸੀ? ਜੇ ਉਹ ਜਗ੍ਹਾ ਸਾਡੀ ਹੱਦ ਵਿੱਚ ਨਹੀਂ ਸੀ ਤਾਂ ਕੱਲ੍ਹ ਨੂੰ ਦੁਨੀਆ ਵਾਲੇ ਸਮਝਣਗੇ ਕਿ ਭਾਰਤੀ ਫੌਜ ਨੇ ਕੰਟਰੋਲ ਰੇਖਾ ਟੱਪਣ ਦੀ ਗਲਤੀ ਕੀਤੀ ਸੀ। ਇਹ ਭਾਰਤ ਦਾ ਪ੍ਰਭਾਵ ਹੋਰ ਵੀ ਖਰਾਬ ਕਰਨ ਵਾਲੀ ਗੱਲ ਸੀ। ਅਟਲ ਬਿਹਾਰੀ ਵਾਜਪਾਈ ਜਦੋਂ ਪ੍ਰਧਾਨ ਮੰਤਰੀ ਸੀ, ਇਹੋ ਕਹਿਣ ਦੀ ਭੁੱਲ ਓਦੋਂ ਵੀ ਪਹਿਲੇ ਪੜਾਅ ਉੱਤੇ ਹੋਈ ਸੀ ਕਿ ਪਾਕਿ-ਸਤਾਨ ਦੀ ਫੌਜ ਸਾਡੇ ਪਾਸੇ ਵੱਲ ਘੁਸਪੈਠ ਕਰ ਹੀ ਨਹੀਂ ਸਕੀ, ਪਰ ਜਦੋਂ ਲੜਾਈ ਲਮਕ ਗਈ ਤਾਂ ਸਰਕਾਰ ਨੂੰ ਕਹਿਣਾ ਪਿਆ ਸੀ ਕਿ ਉਨ੍ਹਾਂ ਨੇ ਹੱਦ ਲੰਘ ਕੇ ਗਲਤੀ ਕੀਤੀ ਹੈ, ਜਦੋਂ ਤੱਕ ਪਹਿਲੀ ਥਾਂ ਨਹੀਂ ਚਲੇ ਜਾਣਗੇ, ਗੋਲੀਬੰਦੀ ਨਹੀਂ ਹੋ ਸਕਦੀ। ਉਹ ਹੀ ਗਲਤੀ ਇਸ ਵਾਰ ਫਿਰ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਹੱਦ ਉਲੰਘੀ ਹੈ ਤਾਂ ਸਿੱਧਾ ਕਹਿਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਇਹ ਕਹਿੰਦਾ ਹੈ ਕਿ ਉਨ੍ਹਾਂ ਦੀ ਜੁਰਅੱਤ ਨਹੀਂ ਕਿ ਹੱਦ ਉਲੰਘ ਜਾਣ ਤੇ ਵਿਦੇਸ਼ ਮੰਤਰੀ ਕਹਿ ਰਿਹਾ ਹੈ ਕਿ ਉਨ੍ਹਾਂ ਨੇ ਅਸਲੀ ਕੰਟਰੋਲ ਰੇਖਾ ਦਾ ਸਤਿਕਾਰ ਕਾਇਮ ਨਹੀਂ ਰੱਖਿਆ, ਜਿਸ ਦਾ ਅਰਥ ਹੈ ਕਿ ਉਨ੍ਹਾਂ ਨੇ ਹੱਦ ਉਲੰਘੀ ਹੈ। ਇਸ ਨਾਲ ਸੰਸਾਰ ਵਿੱਚ ਜਿਹੜੀ ਤਸਵੀਰ ਪੇਸ਼ ਹੁੰਦੀ ਹੈ, ਪ੍ਰਧਾਨ ਮੰਤਰੀ ਜਾਂ ਉਸ ਦੀ ਟੀਮ ਦੇ ਮੈਂਬਰਾਂ ਨੂੰ ਉਸ ਦੀ ਚਿੰਤਾ ਹੀ ਨਹੀਂ ਜਾਪਦੀ।

ਚੀਨ ਇੱਕ-ਸਾਰ ਚਾਲ ਚੱਲਣਾ ਜਾਣਦਾ ਹੈ ਤੇ ਓਥੋਂ ਦੀ ਲੀਡਰਸ਼ਿਪ ਹੋਮ-ਵਰਕ ਕੀਤੇ ਬਿਨਾਂ ਕੁਝ ਨਹੀਂ ਬੋਲਦੀ ਤੇ ਭਾਰਤ ਦੀ ਮੁਸ਼ਕਲ ਇਹ ਹੈ ਕਿ ਏਥੇ ਹੋਰ ਕੋਈ ਬੋਲੀ ਜਾਂਦਾ ਹੈ। ਸੜਕਾਂ ਦਾ ਮੰਤਰੀ ਬਾਰਡਰ ਬਾਰੇ ਬੋਲਦਾ ਹੈ ਅਤੇ ਰੱਖਿਆ ਮੰਤਰੀ ਖੁਰਾਕ ਸਪਲਾਈ ਬਾਰੇ ਅਤੇ ਖੁਰਾਕ ਸਪਲਾਈ ਵਾਲਾ ਮੰਤਰੀ ਕੋਰੋਨਾ ਵਾਇਰਸ ਦਾ ਇਲਾਜ ਕਰਨ ਵਾਲੀ ਵੈਕਸੀਨ ਦੀ ਵਿਆਖਿਆ ਕਰੀ ਜਾਂਦਾ ਹੈ। ਆਪੋ ਆਪਣੀ ਹੱਦ ਵਿਚ ਰਹਿਣਾ ਤੇ ਸੋਚ ਕੇ ਬੋਲਣਾ ਕੋਈ ਆਗੂ ਜਾਣਦਾ ਹੀ ਨਹੀਂ। ਹੇਠਲੇ ਆਗੂਆਂ ਨੂੰ ਇਹ ਹੱਦ ਰੱਖਣ ਦੀ ਲੋੜ ਕੀ ਹੈ, ਜਦੋਂ ਪ੍ਰਧਾਨ ਮੰਤਰੀ ਖੁਦ ਇਹ ਹੱਦ ਨਹੀਂ ਰੱਖਦੇ। ਭਾਰਤ ਦੀਆਂ ਚੀਨ ਸਮੇਤ ਬਹੁਤੀਆਂ ਉਲਝਣਾਂ ਦਾ ਕਾਰਨ ਵੀ ਸ਼ਾਇਦ ਇਹੋ ਹੈ ਕਿ ਏਥੇ ਬੋਲਣ ਤੋਂ ਪਹਿਲਾਂ ਤੋਲਣ ਲਈ ਛੋਟਾ-ਵੱਡਾ ਕੋਈ ਵੀ ਆਗੂ ਤਿਆਰ ਨਹੀਂ। ਬਹੁਤੇ ਸਿਆਣਿਆਂ ਦੀ ਖਿੱਚੋਤਾਣ ਹਰ ਮਸਲੇ ਨੂੰ ਗੰਭੀਰ ਬਣਾ ਦੇਂਦੀ ਹੈ ਅਤੇ ਫਿਰ ਦੋਸ਼ ਜਿਸ ਨੂੰ ਮਰਜ਼ੀ ਦੇ ਲਿਆ ਜਾਵੇ, ਆਪਣੀ ਬੁੱਕਲ ਵਿੱਚ ਝਾਤੀ ਮਾਰਨ ਦੀ ਲੋੜ ਕਿਸੇ ਨੂੰ ਨਹੀਂ ਪੈਂਦੀ।

# ਦਲ ਬਦਲੀ ਰੋਕੂ ਕਾਨੂੰਨ ਨੂੰ ਛਿੱਕੇ ਟੰਗਦੇ ਨੇਤਾ

-ਦਰਸ਼ਨ ਸਿੰਘ ਸ਼ੰਕਰ

ਭਾਰਤ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਵਿੱਚ ਕੁੱਲ ਖਾਲੀ 61 ਸੀਟਾਂ ਦੇ ਜੇਤੂਆਂ ਦਾ ਫੈਸਲਾ ਹੋ ਚੁੱਕਾ ਹੈ। ਇਸ ਸਦਨ ਲਈ 19 ਜੂਨ ਨੂੰ 10 ਰਾਜਾਂ ਤੋਂ ਹੋਈਆਂ 19 ਸੀਟਾਂ ਲਈ ਚੋਣਾਂ ਸਿਰੇ ਚੜ੍ਹੀਆਂ। ਬਾਕੀ 42 ਸੀਟਾਂ 'ਤੇ ਚੋਣ ਬਿਨਾਂ ਮੁਕਾਬਲੇ ਹੋਈ। ਜਿਨ੍ਹਾਂ 19 ਸੀਟਾਂ 'ਤੇ ਚੋਣਾਂ ਹੋਈਆਂ, ਉਨ੍ਹਾਂ ਵਿੱਚੋਂ ਭਾਜਪਾ ਨੇ ਅੱਠ ਸੀਟਾਂ ਜਿੱਤੀਆਂ, ਜਦ ਕਿ ਕਾਂਗਰਸ ਚਾਰ ਸੀਟਾਂ 'ਤੇ ਜਿੱਤ ਸਕੀ। ਉਪਰਲੇ ਸਦਨ ਵਿੱਚ ਮੈਂਬਰਾਂ ਦੀ ਕੁੱਲ ਗਿਣਤੀ 244 ਹੋ ਚੁੱਕੀ ਹੈ। ਭਾਜਪਾ ਦਾ ਅੰਕੜਾ ਵਧ ਕੇ 86 ਹੋ ਗਿਆ ਹੈ ਤੇ ਕਾਂਗਰਸ ਦੇ ਮੈਂਬਰਾਂ ਦੀ ਗਿਣਤੀ 41 ਹੋ ਚੁੱਕੀ ਹੈ।

ਬੇਸ਼ੱਕ ਕੋਵਿਡ 19 ਦਾ ਕਹਿਰ ਦੇਸ਼ ਅੰਦਰ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਸਥਿਤੀ ਕਮਿਊਨਿਟੀ ਸਪਰੈਡ ਵਰਗੀ ਹੱਦ 'ਤੇ ਪੁੱਜ ਚੁੱਕੀ ਹੈ, ਪਰ ਦੇਸ਼ ਵਿੱਚ ਸਿਆਸੀ ਪਾਰਟੀਆਂ ਨੇ ਇਨ੍ਹਾਂ ਸੀਟਾਂ ਨੂੰ ਜਿੱਤਣ ਲਈ ਹਰ ਸਹੀ-ਗਲਤ ਤਰੀਕਾ ਅਪਣਾਇਆ। ਉਹ ਇੱਕ ਦੂਜੀ ਦੇ ਵਿਧਾਇਕਾਂ ਦੀ ਧੜੱਲੇ ਨਾਲ ਖਰੀਦੋ-ਫਰੋਖਤ ਦੀ ਕੋਸ਼ਿਸ਼ ਕਰ ਰਹੀਆਂ ਸਨ। ਦੇਸ਼ ਦੀ ਵਾਗਡੋਰ ਸਾਂਭ ਰਹੀ ਭਾਜਪਾ ਉੱਤੇ ਬੀਤੇ ਦਿਨੀਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਅਸਤੀਫੇ ਦੇਣ ਲਈ 25-25 ਕਰੋੜ ਦੀ ਪੇਸ਼ਕਸ਼ ਕਰਨ ਦਾ ਦੋਸ਼ ਲਾਇਆ ਅਤੇ ਆਪਣੇ ਵਿਧਾਇਕਾਂ ਨੂੰ ਜੈਪੁਰ ਦੇ ਇੱਕ ਹੋਟਲ ਵਿੱਚ ਸ਼ਿਫਟ ਕੀਤਾ ਗਿਆ ਸੀ। ਮਹਾਮਾਰੀ ਦੇ ਭਿਆਨਕ ਮੌਕੇ ਜਿਨ੍ਹਾਂ ਵਿਧਾਇਕਾਂ ਦਾ ਆਪਣੇ ਹਲਕੇ ਵਿੱਚ ਲੋਕਾਂ ਦੀ ਮਦਦ ਲਈ ਹਾਜ਼ਰ ਰਹਿਣਾ ਜ਼ਰੂਰੀ ਸੀ, ਉਨ੍ਹਾਂ ਨੂੰ ਸਭ ਪਾਰਟੀਆਂ ਖਰੀਦੋ-ਫਰੋਖਤ ਦੇ ਡਰ ਕਾਰਨ ਲੁਕਣ ਲਈ ਮਜਬੂਰ ਕਰਦੀਆਂ ਰਹੀਆਂ। ਗੁਜਰਾਤ ਵਿੱਚ ਕਾਂਗਰਸ ਦੇ ਪਹਿਲਾਂ ਪੰਜ, ਫਿਰ ਤਿੰਨ ਵਿਧਾਇਕਾਂ ਦੇ ਅਹੁਦੇ ਅਤੇ ਪਾਰਟੀ ਤੋਂ ਅਸਤੀਫੇ ਕਾਰਨ ਗਿਣਤੀ 73 ਤੋਂ ਘਟ ਕੇ 65 ਹੋ ਗਈ। ਹੋਰ ਸੰਨ੍ਹ ਮਾਰੀ ਤੋਂ ਬਚਾਉਣ ਲਈ ਕਾਂਗਰਸ ਨੇ ਵਿਧਾਇਕਾਂ ਨੂੰ ਰਾਜਸਥਾਨ ਦੇ ਹੋਟਲਾਂ ਵਿੱਚ ਰੱਖਿਆ ਸੀ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਉਹ ਕਹਿੰਦੇ ਸਨ ਕਿ ਕਮਲ ਨਾਥ ਦੀ ਕਾਂਗਰਸ ਸਰਕਾਰ ਡੇਗਣ ਦੇ ਹੁਕਮ ਭਾਜਪਾ ਹਾਈ ਕਮਾਨ ਦੇ ਸਨ, ਜੋ ਜਯੋਤਿਰਾਦਿੱਤਿਆ ਸਿੰਧੀਆ ਸਮੇਤ 22 ਕਾਂਗਰਸੀ ਵਿਧਾਇਕਾਂ ਦੇ ਅਸਤੀਫੇ ਨਾਲ ਡੇਗੀ ਹੈ।

ਜਦੋਂ ਫਰਵਰੀ ਵਿੱਚ ਕੋਰੋਨਾ ਮਹਾਮਾਰੀ ਪੈਰ ਪਸਾਰ ਰਹੀ ਸੀ, ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੇ 22 ਵਿਧਾਇਕਾਂ ਤੋਂ ਅਸਤੀਫੇ ਦਿਵਾ ਕੇ ਕਮਲ ਨਾਥ ਸਰਕਾਰ ਦਾ ਭੋਗ ਪਾਇਆ ਗਿਆ ਸੀ। ਸਰਕਾਰ ਡਿੱਗਣ ਪਿੱਛੋਂ ਤੈਅ ਯੋਜਨਾ ਅਨੁਸਾਰ ਗਵਰਨਰ ਨੇ ਬਿਨਾਂ ਦੇਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾ ਕੇ ਭਾਜਪਾ ਸਰਕਾਰ ਬਣਾ ਦਿੱਤੀ। ਬਾਗੀ ਵਿਧਾਇਕਾਂ ਨੂੰ ਭਾਜਪਾ ਪ੍ਰਧਾਨ ਜੇ ਪੀ ਨੱਢਾ ਵੱਲੋਂ ਪਾਰਟੀ 'ਚ ਸ਼ਾਮਲ ਕਰ ਕੇ ਪਾਕਿ-ਸਾਫ ਕਰਾਰ ਦੇ ਦਿੱਤਾ ਗਿਆ ਸੀ। ਅਸਲ ਕਹਾਣੀ ਪਰਦੇ ਪਿੱਛੇ ਚੱਲੇ ਮਾਇਆਜਾਲ ਦੀ ਸੀ, ਜਿਸ ਦੇ ਲੋਭ ਵਿੱਚ ਇਕੱਠੇ 22 ਵਿਧਾਇਕ ਦਲ ਬਦਲੀ ਵਿਰੋਧੀ ਕਾਨੂੰਨ ਨੂੰ ਅੰਗੂਠਾ ਦਿਖਾ ਗਏ। ਏਦਾਂ ਕਿਉਂ ਹੋਇਆ?

ਇਸ ਲਈ ਸੰਵਿਧਾਨ ਦੀ 52ਵੀਂ ਸੋਧ ਸਮਝਣ ਦੀ ਲੋੜ ਹੈ। ਰਾਜਨੀਤੀ ਵਿੱਚ ਸੱਤਾ ਤੇ ਦੌਲਤ ਦੇ ਲਾਲਚ ਕਾਰਨ ਦਲ ਬਦਲੀ ਦਾ ਇੱਕਾ-ਦੁੱਕਾ ਮਾਮਲਾ ਸ਼ੁਰੂ ਤੋਂ ਚੱਲ ਰਿਹਾ ਸੀ, ਪਰ 1967 ਦੌਰਾਨ ਹਰਿਆਣਾ ਵਿੱਚ 'ਆਇਆ ਰਾਮ, ਗਿਆ ਰਾਮ' ਦੀ ਖੇਡ ਵੱਡੀ ਪੱਧਰ 'ਤੇ ਚੱਲੀ। ਕੁਝ ਹਫਤਿਆਂ ਵਿੱਚ ਵਿਧਾਇਕਾਂ ਦੇ ਟੋਲਿਆਂ ਨੇ ਪਲਟੇ ਮਾਰ ਕੇ ਸਰਕਾਰਾਂ ਬਦਲੀਆਂ ਅਤੇ ਅਖੀਰ ਵਿਧਾਨ ਸਭਾ ਭੰਗ ਕਰ ਕੇ ਨਵੀਆਂ ਚੋਣਾਂ ਕਰਾਉਣੀਆਂ ਪਈਆਂ। ਦਲ ਬਦਲੀ ਦੇ ਰੁਝਾਨ ਉੱਤੇ ਲਗਾਮ ਕੱਸਣ ਲਈ 1985 ਵਿੱਚ ਸੰਵਿਧਾਨ ਦੀ 52ਵੀਂ ਸੋਧ ਕਾਨੂੰਨ (ਦਲ ਬਦਲੀ ਵਿਰੋਧੀ ਕਾਨੂੰਨ) ਪਾਸ ਕੀਤਾ ਗਿਆ। ਪਾਰਲੀਮੈਂਟ ਮੈਂਬਰਾਂ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ, ਕੌਂਸਲਾਂ ਦੇ ਚੁਣੇ ਮੈਂਬਰਾਂ ਵੱਲੋਂ ਦਲ ਬਦਲਣ, ਵੋਟਿੰਗ ਸਮੇਂ ਗੈਰ ਹਾਜ਼ਰੀ ਜਾਂ ਪਾਰਟੀ ਹੁਕਮਾਂ ਵਿਰੁੱਧ ਵੋਟ ਪਾਉਣ 'ਤੇ ਉਨ੍ਹਾਂ ਦੀ ਮੈਂਬਰੀ ਰੱਦ ਕਰਨ ਦਾ ਪ੍ਰਬੰਧ ਕੀਤਾ ਗਿਆ। ਮੈਂਬਰਸ਼ਿਪ ਰੱਦ ਕਰਨ ਦਾ ਅਧਿਕਾਰ ਸਿਰਫ ਸੰਬੰਧਤ ਹਾਊਸ ਦੇ ਪ੍ਰੀਜ਼ਾਈਡਿੰਗ ਅਧਿਕਾਰੀ, ਸਪੀਕਰ ਦੇ ਕੋਲ ਹੈ, ਪਰ ਫੈਸਲਾ ਲੈਣ ਲਈ ਸਪੀਕਰ 'ਤੇ ਕੋਈ ਸਮਾਂ ਹੱਦ ਨਹੀਂ ਮਿੱਥੀ ਗਈ, ਜਿਸ ਦਾ ਸਪੀਕਰ ਸੁਵਿਧਾ ਮੁਤਾਬਕ ਇਸਤੇਮਾਲ ਕਰਦੇ ਆ ਰਹੇ ਨੇ। ਸਮੂਹਿਕ ਦਲ ਬਦਲੀ ਅਤੇ ਪਾਰਟੀਆਂ ਨੂੰ ਕਿਸੇ ਹੋਰ ਪਾਰਟੀ ਵਿੱਚ ਮਿਲਾਉਣ ਸੰਬੰਧੀ ਵੀ ਨਿਯਮ ਸਖਤ ਕੀਤੇ ਗਏ ਅਤੇ ਦੋ ਤਿਹਾਈ ਦੀ ਹੱਦ ਮਿੱਥੀ ਗਈ। ਮੁੱਖ ਚੋਣ ਕਮਿਸ਼ਨ ਦੇ ਇੱਕ ਫੈਸਲੇ ਅਨੁਸਾਰ ਐਕਟ ਅਧੀਨ ਬਰਖਾਸਤ ਮੈਂਬਰ 'ਤੇ ਮੁੜ ਚੋਣ ਲੜਨ ਦੀ ਪਾਬੰਦੀ ਨਹੀਂ।

ਇਸ ਤੋਂ ਪਹਿਲਾਂ ਸੰਨ 2018 ਵਿੱਚ ਕਰਨਾਟਕ ਵਿੱਚ ਕਾਂਗਰਸ-ਜੇ ਡੀ ਐੱਸ ਦੀ ਕੁਮਾਰਸਵਾਮੀ ਸਰਕਾਰ ਦਾ ਵੀ ਮੱਧ ਪ੍ਰਦੇਸ਼ ਦੇ ਕਮਲਨਾਥ ਵਾਲਾ ਹਸ਼ਰ ਕੀਤਾ ਸੀ। ਗਠਜੋੜ ਦੇ 16 ਵਿਧਾਇਕ ਖਰੀਦ ਕੇ ਸਮੂਹਿਕ ਅਸਤੀਫੇ ਦਿਵਾਏ ਗਏ ਅਤੇ ਉਨ੍ਹਾਂ ਨੂੰ ਹੋਟਲਾਂ ਵਿੱਚ ਡੱਕ ਕੇ ਰੱਖਿਆ ਗਿਆ। ਆਖਰ ਗਠਜੋੜ ਦੀ ਸਰਕਾਰ ਸੁੱਟ ਕੇ ਭਾਜਪਾ ਨੇ ਬਦਨਾਮ ਲੀਡਰ ਯੇਦੀਯੁਰੱਪਾ ਦੀ ਸਰਕਾਰ ਬਣਾ ਦਿੱਤੀ। ਪਿੱਛੋਂ ਸਾਰੇ ਬਾਗੀਆਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਕੇ ਚੋਣ ਲੜਾਈ ਗਈ। ਇਸੇ ਤਰ੍ਹਾਂ ਮਹਾਰਾਸ਼ਟਰ ਚੋਣਾਂ ਪਿੱਛੋਂ ਸ਼ਿਵ ਸੈਨਾ-ਐੱਨ ਸੀ ਪੀ-ਕਾਂਗਰਸ ਗਠਜੋੜ ਸਰਕਾਰ ਬਣਨੋਂ ਰੋਕਣ ਲਈ ਭਾਜਪਾ ਨੇ ਐੱਨ ਸੀ ਪੀ ਦੇ ਅਜੀਤ ਪਵਾਰ ਨੂੰ ਭਰਮਾ ਕੇ ਬਹੁਮਤ ਦਾ ਦਾਅਵਾ ਪੇਸ਼ ਕੀਤਾ। ਅੱਧੀ ਰਾਤ ਰਾਸ਼ਟਰਪਤੀ ਨੇ ਰਾਸ਼ਟਰਪਤੀ ਰਾਜ ਖਤਮ ਕੀਤਾ ਅਤੇ ਗਵਰਨਰ ਨੇ ਤੜਕੇ ਪੰਜ ਵਜੇ ਭਾਜਪਾ ਦੇ ਫੜਨਵੀਸ ਨੂੰ ਮੁੱਖ ਮੰਤਰੀ ਤੇ ਅਜੀਤ ਪਵਾਰ ਨੂੰ ਉਪ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ। ਅਜੀਤ ਪਵਾਰ ਵਿਰੁੱਧ ਸੀ ਬੀ ਆਈ ਅਤੇ ਈ ਡੀ ਦੇ ਹਜ਼ਾਰਾਂ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦੇ ਕੇਸ ਸੌਦੇਬਾਜ਼ੀ ਵਿੱਚ ਵਾਪਸ ਕਰਵਾਏ ਗਏ। ਬਾਅਦ ਵਿੱਚ ਸ਼ਰਦ ਪਵਾਰ ਵੱਲੋਂ ਅਜੀਤ ਪਵਾਰ ਦੀ ਵਾਪਸੀ ਕਰਵਾ ਕੇ ਗਠਜੋੜ ਦੀ ਸਰਕਾਰ ਬਣਾਈ ਗਈ।

ਪੰਜਾਬ ਵਿੱਚ ਪਿਛਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਦੇ ਦੋ ਪਾਰਲੀਮੈਂਟ ਮੈਂਬਰ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਆਪਣੀ ਪਾਰਟੀ ਵਿਰੁੱਧ ਬੋਲਦੇ ਰਹੇ, ਪਰ ਮੈਂਬਰਸ਼ਿਪ ਖਤਮ ਹੋਣ ਦੇ ਡਰੋਂ ਉਸੇ ਪਾਰਟੀ ਨਾਲ ਜੁੜੇ ਰਹੇ। ਪਾਰਲੀਮੈਂਟ, ਵਿਧਾਨ ਸਭਾ ਦੇ ਸਪੀਕਰਾਂ ਨੂੰ ਇਸ ਕਾਨੂੰਨ ਅਧੀਨ ਦੋਸ਼ੀਆਂ ਖਿਲਾਫ ਕਾਰਵਾਈ ਦੇ ਅੰਤਿਮ ਅਧਿਕਾਰ ਨੇ ਜਿਨ੍ਹਾਂ ਨੂੰ ਉਹ ਸੁਵਿਧਾ ਅਨੁਸਾਰ ਵਰਤ ਲੈਂਦੇ ਹਨ। ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਦਾ ਅਸਤੀਫਾ ਲੰਬਾ ਸਮਾਂ ਲਮਕਾਇਆ ਗਿਆ। ਸੁਖਪਾਲ ਸਿੰਘ ਖਹਿਰਾ ਇਸ ਪਾਰਟੀ ਤੋਂ ਅਸਤੀਫਾ ਦੇਣ ਪਿੱਛੋਂ ਨਵੀਂ ਪਾਰਟੀ ਬਣਾ ਕੇ ਲੋਕ ਸਭਾ ਦੀ ਚੋਣ ਵੀ ਲੜ ਆਇਆ, ਪਰ ਸਪੀਕਰ ਨੇ ਅਸਤੀਫਾ ਪ੍ਰਵਾਨ ਨਹੀਂ ਕੀਤਾ। ਬਾਅਦ ਵਿੱਚ ਖਹਿਰਾ ਨੇ ਅਸਤੀਫਾ ਵਾਪਸ ਲੈ ਲਿਆ। ਏਦਾਂ ਹੀ ਰੋਪੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸੰਦੋਆ ਤੇ ਮਾਨਸਾ ਤੋਂ ਨਾਜਰ ਸਿੰਘ ਮਾਨਸ਼ਾਹੀਆ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ, ਪਰ ਸਪੀਕਰ ਦੀ ਮਿਹਰਬਾਨੀ ਸਦਕਾ ਵਿਧਾਇਕੀ ਦਾ ਆਨੰਦ ਮਾਣ ਰਹੇ ਹਨ। ਪਾਰਟੀ ਵੱਲੋਂ ਵਾਰ-ਵਾਰ ਮੰਗ ਕਰਨ 'ਤੇ ਵੀ ਬਾਗੀਆਂ ਵਿਰੁੱਧ ਕਾਨੂੰਨ ਬੇਅਸਰ ਰਿਹਾ। ਸੁਖਬੀਰ ਸਿੰਘ ਬਾਦਲ ਨੇ ਇਹੋ ਢੰਗ ਵਰਤ ਕੇ ਕਾਂਗਰਸ ਦੇ ਦੋ ਵਿਧਾਇਕਾਂ ਮੋਗਾ ਤੋਂ ਜੋਗਿੰਦਰ ਪਾਲ ਜੈਨ ਅਤੇ ਮਾਨਸਾ ਤੋਂ ਜੀਤ ਮਹਿੰਦਰ ਸਿੱਧੂ ਤੋਂ ਅਸਤੀਫੇ ਦਿਵਾਏ ਅਤੇ ਫਿਰ ਅਕਾਲੀ ਦਲ ਵੱਲੋਂ ਚੋਣ ਜਿਤਾ ਕੇ ਆਪਣੀ ਪਾਰਟੀ ਦੀ ਇਕੱਲੇ ਹੀ ਬਹੁਸੰਮਤੀ ਬਣਾਈ ਸੀ।

ਇੰਝ ਚੁਣੇ ਹੋਏ ਨੁਮਾਇੰਦਿਆਂ ਨੇ ਆਪਣੀ ਪਾਰਟੀ ਛੱਡਣ, ਦੂਜੀ ਪਾਰਟੀ ਵਿੱਚ ਜਾਣ ਜਾਂ ਪਾਰਟੀ ਦੇ ਆਦੇਸ਼ ਵਿਰੁੱਧ ਜਾ ਕੇ ਵੋਟ ਕਰ ਕੇ ਮੈਂਬਰੀ ਤੋਂ ਬਰਖਾਸਤਗੀ ਤੋਂ ਬਚਣ ਦਾ ਨਵਾਂ ਰਾਹ ਲੱਭ ਲਿਆ ਹੈ। 'ਚਿੱਤ ਵੀ ਆਪਣੀ ਪੱਟ ਵੀ ਆਪਣੀ' ਮੁਤਾਬਕ ਚੁਣੇ ਲੋਕ ਨੁਮਾਇੰਦਿਆਂ ਅਤੇ ਪਾਰਟੀਆਂ ਨੇ ਇਸ ਕਾਨੂੰਨ ਨੂੰ ਠੁੱਠ ਦਿਖਾਉਣ ਲਈ ਨਵੇਂ ਰਾਹ ਲੱਭ ਲਏ ਹਨ। ਵੱਡੀਆਂ ਰਕਮਾਂ ਲੈ ਕੇ ਮੈਂਬਰੀ ਤੋਂ ਅਸਤੀਫਾ ਦਿਓ, ਦੂਜੀ ਪਾਰਟੀ ਵੱਲੋਂ ਚੋਣ ਲੜ ਕੇ ਮੈਂਬਰੀ ਪੱਕੀ ਕਰੋ। ਇੰਝ 'ਨਾ ਹਿੰਙ ਲੱਗੇ ਨਾ ਫਟਕੜੀ, ਰੰਗ ਚੋਖਾ ਹੋਏ' ਦੀ ਕਹਾਵਤ ਸੱਚੀ ਸਿੱਧ ਹੁੰਦੀ ਹੈ। ਪੈਸੇ ਦੀ ਇਸ ਵੱਡੀ ਖੇਡ ਵਿੱਚ ਬਦਤਰ ਹੋਏ ਸਿਖਿਆ, ਸਿਹਤ, ਗਰੀਬੀ ਤੇ ਵਿਕਾਸ ਦੇ ਅਤਿ ਜ਼ਰੂਰੀ ਮੁੱਦੇ ਤਾਂ ਸਿਰਫ ਚੋਣ ਵਾਅਦੇ ਬਣ ਕੇ ਰਹਿ ਗਏ ਹਨ। ਜਨਤਾ ਵੀ ਭੋਲੀ ਹੈ ਜੋ ਉਸੇ ਦਲ ਬਦਲੂ ਨੂੰ ਦੂਜੀ ਪਾਰਟੀ ਦੀ ਟਿਕਟ 'ਤੇ ਜਿਤਾ ਦਿੰਦੀ ਹੈ। ਦਲ ਬਦਲੀ ਦੀ ਇਸ ਗੰਦੀ ਖੇਡ 'ਤੇ ਪੱਕੀ ਲਗਾਮ ਲਾਉਣ ਖਾਤਰ ਕਾਨੂੰਨ 'ਚ ਜ਼ਰੂਰੀ ਸੋਧ ਕਰ ਕੇ ਚੋਰ ਮੋਰੀਆਂ ਬੰਦ ਕਰਨ ਦੀ ਲੋੜ ਹੈ, ਪਰ ਸਵਾਲ ਪੈਦਾ ਹੁੰਦੈ ਕਿ ਅਜਿਹੀ ਖੇਡ ਨੂੰ ਧੜੱਲੇ ਨਾਲ ਖੇਡ ਰਹੀਆਂ ਸਿਆਸੀ ਪਾਰਟੀਆਂ ਕਿਉਂ ਕਾਨੂੰਨੀ ਖਾਮੀਆਂ ਬੰਦ ਕਰਨਗੀਆਂ? ਭਵਿੱਖਿ ਵਿੱਚ ਵੀ ਇਸ ਕਾਨੂੰਨ ਦੀਆਂ ਤਰੁੱਟੀਆਂ ਰਾਹੀਂ ਸੰਵਿਧਾਨ ਦੀਆਂ ਧੱਜੀਆਂ ਉਡਣ ਦੇ ਖਦਸ਼ੇ ਹਨ, ਜੋ ਦੇਸ਼ ਨੂੰ ਤਾਨਾਸ਼ਾਹੀ ਵੱਲ ਲੈ ਕੇ ਜਾ ਸਕਦੇ ਹਨ।

# ਜਦੋਂ ਰਸੋਈ ਦੀ ਅੱਗ 'ਬੰਨ੍ਹੀ' ਗਈ

-ਸੁਰਜੀਤ ਭਗਤ



ਘਰ (ਰਸੋਈ) ਦੇ ਕੰਮਾਂ 'ਚ ਸ਼ੁਰੂ ਤੋਂ ਦਿਲਚਸਪੀ ਨਾ ਹੋਣ ਕਾਰਨ ਕਦੇ ਚਾਹ ਤੱਕ ਬਣਾਉਣ ਦੀ ਜ਼ਹਿਮਤ ਨਹੀਂ ਸੀ ਕੀਤੀ। ਅਸਲ 'ਚ ਕਦੇ ਲੋੜ ਵੀ ਨਹੀਂ ਸੀ ਪਈ ਤੇ ਨਾ ਅਜਿਹਾ ਕਰਨ ਲਈ ਮਨ 'ਚ ਕਦੇ ਕੋਈ ਇੱਛਾ ਪੈਦਾ ਹੋਈ। ਇੱਕ ਦਿਨ ਪਤਨੀ ਦੇ ਢਿੱਲੇ-ਮੱਠੇ ਹੋਣ ਕਾਰਨ ਉਸ ਨੂੰ ਹਸਪਤਾਲ ਜਾ ਕੇ ਦਵਾਈ ਦਿਵਾਉਣੀ ਪਈ। ਵਾਪਸ ਘਰ ਆ ਕੇ 'ਹਸਪਤਾਲੋਂ ਹੋ ਕੇ ਆਈ' ਦਾ ਬਿੱਲਾ ਲੱਗ ਗਿਆ। ਕੋਈ ਢਾਈ ਤਿੰਨ ਦਹਾਕੇ ਪਹਿਲਾਂ ਇਹ ਆਮ ਸਮਝਿਆ ਜਾਂਦਾ ਸੀ ਕਿ ਜਦੋਂ ਡਾਕਟਰ ਦੇ ਹੱਥ ਵੱਸੋਂ ਕੰਮ ਨਿਕਲ ਜਾਵੇ ਤਾਂ ਹਸਪਤਾਲ ਜਾਣ ਦੀ ਨੌਬਤ ਆਉਂਦੀ ਹੈ। ਜ਼ਿਆਦਾ ਬਿਮਾਰ ਹੋਣ ਦੀ ਗੱਲ ਮੁਹੱਲੇ ਵਿੱਚ ਫੈਲਣ ਕਾਰਨ ਨੇਹ ਸਨੇਹ ਰੱਖਣ ਵਾਲੇ ਪਤਾ ਲੈਣ ਆਏ ਹੀ, ਇਸ ਦੇ ਨਾਲ ਹੀ ਲਾਗੇ ਤਾਗੇ ਰਹਿੰਦੀਆਂ ਪਤਨੀ ਦੀਆਂ ਭੈਣਾ ਵੀ ਉਸ ਦੀ ਮਿਜਾਜ਼ ਪੁਰਸ਼ੀ ਲਈ ਆਣ ਬਹੁੜੀਆਂ।

ਰਸਮੀ ਗੱਲਬਾਤ ਪਿੱਛੋਂ ਜਦੋਂ ਦਵਾਈ ਦੀ ਗੱਲ ਤੁਰੀ ਤਾਂ ਚੇਤਾ ਆਇਆ ਕਿ ਕੋਸੇ ਪਾਣੀ ਨਾਲ ਤਿੰਨ ਗੋਲੀਆਂ ਅਤੇ ਇੱਕ ਕੈਪਸੂਲ ਖਾਣਾ ਹੈ। ਪਤਾ ਲੈਣ ਆਈਆਂ ਬੀਬੀਆਂ ਤਾਂ ਗੱਲਾਂ ਵਿੱਚ ਪੂਰੀ ਤਰ੍ਹਾਂ ਖੁਭੀਆਂ ਹੋਈਆਂ ਸਨ। ਮੈਂ ਵੀ ਭੈਣਾਂ ਦੇ ਇਸ ਪ੍ਰੋਗਰਾਮ ਵਿੱਚ ਖੱਲਲ ਪਾਉਣਾ ਮੁਨਾਸਬ ਨਾ ਸਮਝਿਆ ਅਤੇ ਉਨ੍ਹਾਂ ਵੱਲੋਂ ਕਈ ਵਾਰੀ ਰੋਕਣ ਦੇ ਬਾਵਜੂਦ ਰਸੋਈ 'ਚ ਪਾਣੀ ਗਰਮ ਕਰਨ ਲਈ ਭਾਂਡੇ ਲੱਭਣ ਲੱਗਾ। ਹੋਰ ਤਾਂ ਮੈਨੂੰ ਕੁਝ ਲੱਭਿਆ ਨਹੀਂ, ਮੈਂ ਸਟੀਲ ਦਾ ਇੱਕ ਡੌਂਗਾ ਚੁੱਕ ਕੇ ਪਾਣੀ ਦਾ ਭਰ ਕੇ ਗੈਸ ਦੇ ਬਲਦੇ ਚੁੱਲ੍ਹੇ 'ਤੇ ਰੱਖ ਦਿੱਤਾ। ਚੁੱਲ੍ਹੇ 'ਤੇ ਪਾਣੀ ਧਰਿਆਂ ਕਾਫੀ ਚਿਰ ਹੋ ਗਿਆ ਸੀ, ਪਰ ਗੈਸ 'ਤੇ ਰੱਖੇ ਸਟੀਲ ਦੇ ਡੌਂਗੇ 'ਚ ਪਾਣੀ ਗਰਮ ਨਹੀਂ ਸੀ ਹੋ ਰਿਹਾ। ਅੱਗ ਵੀ ਲਗਾਤਾਰ ਤੇਜ਼ ਬਲਵ ਰਹੀ ਸੀ। ਸਾਲੀਆਂ ਵੀ ਮਖੌਲ ਕਰ ਰਹੀਆਂ ਸਨ ਕਿ ਚੁੱਲ੍ਹੇ 'ਤੇ ਪਾਣੀ ਹੀ ਧਰਿਆ ਹੈ ਜਾਂ ਫਿਰ ਖਰੌੜੇ, ਜੋ ਅਜੇ ਤੱਕ ਉਬਲੇ ਹੀ ਨਹੀਂ ਸਨ। ਮੈਂ ਵੀ ਹੈਰਾਨ ਸਾਂ ਕਿ ਇਹ ਕੀ ਹੋ ਰਿਹਾ ਸੀ?

ਸਭ ਤੋਂ ਵੱਡੀ ਸਾਲੀ ਸਾਹਿਬਾ, ਜੋ ਗ਼ੈਬੀ ਸ਼ਕਤੀਆਂ 'ਚ ਵਿਸ਼ਵਾਸ ਰੱਖਦੀ ਸੀ, ਨੂੰ ਸ਼ੱਕ ਸੀ ਕਿ ਉਸ ਦੀ ਭੈਣ ਨੂੰ ਉਸ ਦੇ ਜੀਜੇ (ਮੇਰੇ) ਦੇ ਨਾਸਤਿਕ ਹੋਣ ਅਤੇ ਕਿਸੇ ਗੁਰੂ ਪੀਰ ਨੂੰ ਨਾ ਮੰਨਣ ਦੀ ਵਜ੍ਹਾ ਕਾਰਨ ਹੀ ਕੁਝ ਨਾ ਕੁਝ ਹੋਇਆ ਰਹਿੰਦਾ ਹੈ ਅਤੇ ਉਹ ਡਾਕਟਰਾਂ ਦੇ ਗੇੜੇ ਕੱਢਦੀ ਫਿਰਦੀ ਹੈ। ਸ਼ਾਇਦ ਇਹੀ ਕਾਰਨ ਸੀ ਕਿ ਅੱਜ ਕਿੰਨੀ ਦੇਰ ਅੱਗੇ ਉਤੇ ਰੱਖਣ ਦੇ ਬਾਵਜੂਦ ਪਾਣੀ ਗਰਮ ਨਹੀਂ ਸੀ ਹੋਇਆ, ਸ਼ਾਇਦ ਕਿਸੇ ਨੇ ਅੱਗ ਬੰਨ੍ਹ ਦਿੱਤੀ ਹੋਵੇ।

ਸਾਰੇ ਜਣੇ ਇਹ ਕੌਤਕ ਵੇਖਣ ਲਈ ਰਸੋਈ ਵੱਲ ਆ ਗਏ ਕਿ ਆਖਰ ਕਿਹੜੀ ਸ਼ਕਤੀ ਨੇ ਬਲਦੇ ਚੁੱਲ੍ਹੇ 'ਤੇ ਧਰੇ ਪਾਣੀ ਨੂੰ ਉਬਲਣੋਂ ਰੋਕ ਰੱਖਿਆ ਹੈ। ਮੇਰੇ ਸਣੇ ਸਾਰੇ ਹੈਰਾਨ ਨਹੀਂ, ਸਗੋਂ ਪ੍ਰੇਸ਼ਾਨ ਸਨ ਕਿ ਪੰਦਰਾਂ ਵੀਹ ਮਿੰਟ ਲਗਾਤਾਰ ਪੂਰੀ ਅੱਗ ਬਲਣ ਦੇ ਬਾਵਜੂਦ ਪਾਣੀ ਮਾੜਾ ਜਿਹਾ ਗਰਮ ਹੋ ਸਕਿਆ ਜਦੋਂ ਕਿ ਇੰਨੇ ਸਮੇਂ 'ਚ ਤਾਂ ਪਾਣੀ ਉਬਲ ਉਬਲ ਕੇ ਕਮਲਾ ਹੋ ਜਾਣਾ ਚਾਹੀਦਾ ਸੀ। ਅਸੀਂ ਸਾਰੇ ਹੀ ਡੌਰ-ਭੌਰ ਹੋਏ ਪਾਣੀ ਦੇ ਡੌਂਗੇ ਅਤੇ ਹੇਠਾਂ ਬਲਦੀ ਅੱਗ ਵੱਲ ਨੀਝ ਲਾ ਕੇ ਵੇਖ ਰਹੇ ਸਾਂ। ਡੌਂਗੇ ਦਾ ਹੇਠਲਾ ਪਾਸਾ ਪੂਰੀ ਤਰ੍ਹਾਂ ਗਰਮ ਸੀ ਤੇ ਲਗਭਗ ਕਾਲਾ ਹੋ ਗਿਆ ਸੀ, ਪਰ ਵਿਚਲਾ ਪਾਣੀ ਅਜੇ ਵੀ ਗਰਮ ਨਾ ਹੋਣ ਕਰ ਕੇ ਪਲ ਪਲ ਸਾਡੀ ਉਤਸੁਕਤਾ ਵਧਾ ਰਿਹਾ ਸੀ। ਪਤਨੀ ਵੀ ਹੌਲੀ-ਹੌਲੀ ਤੁਰਦੀ ਰਸੋਈ 'ਚ ਆਣ ਪਹੁੰਚੀ। ਗੱਲ ਉਹਦੇ ਵੀ ਸਮਝੋਂ ਬਾਹਰ ਸੀ। ਮੇਰੇ ਤੋਂ ਡਰਦੇ ਡਰਦੇ ਇਹ ਸ਼ੱਕ ਵੀ ਜ਼ਾਹਰ ਕੀਤਾ ਜਾ ਰਿਹਾ ਸੀ ਕਿ ਕਿਧਰੇ ਕਿਸੇ ਨੇ ਸਾਡੀ ਅੱਗ ਬੰਨ੍ਹ ਤਾਂ ਨਹੀਂ ਦਿੱਤੀ?

ਸਾਡੀ ਅੱਗ ਬੰਨ੍ਹ ਕੇ ਕਿਸੇ ਨੇ ਭਲਾ ਕੀ ਲੈਣਾ ਸੀ? ਮੇਰੀ ਦਲੀਲ ਸੀ।

ਅਚਾਨਕ ਮੇਰੀ ਨਜ਼ਰ ਡੌਂਗੇ ਦੇ ਕਿਨ-ਾਰੇ ਵੱਲ ਗਈ ਤਾਂ ਮੈਨੂੰ ਸ਼ੱਕ ਹੋਇਆ ਕਿ ਇੱਕ ਦੀ ਥਾਂ 'ਤੇ ਦੋ ਕਿਨਾਰੀਆਂ ਕਿਉਂ ਨਜ਼ਰ ਆ ਰਹੀਆਂ ਸਨ? ਧਿਆਨ ਨਾਲ ਵੇਖਣ 'ਤੇ ਪਤਾ ਲੱਗਾ ਕਿ ਦੋ ਇੱਕੋ ਜਿੱਡੇ ਡੌਂਗੇ ਇੱਕ ਦੂਜੇ ਵਿੱਚ ਫਸੇ ਹੋਏ ਸਨ ਅਤੇ ਇਸੇ ਤਰ੍ਹਾਂ ਜੁੜੇ ਹੋਏ ਪਾਣੀ ਪਾ ਕੇ ਅੱਗ 'ਤੇ ਧਰ ਦਿੱਤੇ ਗਏ ਸਨ। ਹੇਠਲਾ ਤਾਂ ਅੱਗ ਨਾਲ ਤਪ ਕੇ ਕਾਲਾ ਸ਼ਾਹ ਹੋ ਗਿਆ ਸੀ, ਜਦੋਂ ਕਿ ਉਪਰਲੇ ਨੂੰ ਬਿਲਕੁਲ ਹੀ ਸੇਕ ਨਹੀਂ ਸੀ ਪੁੱਜ ਰਿਹਾ। ਬੰਨ੍ਹੀ ਹੋਈ ਅੱਗ ਦਾ ਭੇਤ ਖੁੱਲ੍ਹ ਗਿਆ ਸੀ ਅਤੇ 'ਬੰਨ੍ਹੀ ਗਈ ਅੱਗ' ਦੀ ਚੁੰਝ ਚਰਚਾ ਕਰਨ ਵਾਲੇ ਵੀ ਛਿੱਥੇ ਜਿਹੇ ਹੋਏ ਪਏ ਸਨ। ਅੱਗ ਹੇਠਲੇ ਡੌਂਗੇ ਨੇ ਬੰਨ੍ਹੀ ਹੋਈ ਸੀ ਨਾ ਕਿ ਕਿਸੇ ਗ਼ੈਬੀ ਸ਼ਕਤੀ ਨੇ।

ਸ਼ਾਹ ਕਾਲਾ ਹੋਇਆ ਉਹ ਡੌਂਗਾ ਕਈ ਵਾਰੀ ਜ਼ੋਰ ਲਾ ਕੇ ਮਾਂਜਣ ਦੇ ਬਾਵਜੂਦ ਸਾਫ ਨਹੀਂ ਹੋਇਆ। ਇਸ ਅੱਗ ਬੰਨ੍ਹਣ ਵਾਲੇ ਡੌਂਗੇ ਨੂੰ ਆਖਰਕਾਰ ਬਾਹਰ ਹੀ ਸੁੱਟਣਾ ਪਿਆ।

# ਦਿੱਲੀ ਵਿੱਚ ਤਿੰਨ ਖ਼ਾਲਿਸਤਾਨੀ ਖਾੜਕੂ ਹਥਿਆਰਾਂ ਸਮੇਤ ਗ੍ਰਿਫਤਾਰ

ਨਵੀਂ ਦਿੱਲੀ, 28 ਜੂਨ, (ਪੋਸਟ ਬਿਊਰੋ)- ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਅੱਜ ਖਾਲਿਸਤਾਨ ਲਿਬਰੇਸ਼ਨ ਫਰੰਟ (ਕੇ ਐੱਲ ਐੱਫ) ਨਾਲ ਸੰਬੰਧ ਰੱਖਦੇ ਤਿੰਨ ਖਾਲਿਸਤਾਨੀ ਖਾੜਕੂਆਂ ਨੂੰ ਗ੍ਰਿਫਤਾਰ ਕਰ ਕੇ ਵੱਡੀ ਕਾਮਯਾਬੀ ਹਾਸਲ ਕਰਨ ਦਾ ਦਾਅਵਾ ਕੀਤਾ ਹੈ। ਤਿੰਨਾਂ ਨੂੰ ਦਿੱਲੀ ਦੇ ਉੱਤਮ ਨਗਰ ਇਲਾਕੇ ਤੋਂ ਫੜਿਆ ਗਿਆ, ਜਿਨ੍ਹਾਂ ਕੋਲੋਂ ਤਿੰਨ ਪਿਸਤੌਲ ਅਤੇ ਸੱਤ ਕਾਰਤੂਸ ਮਿਲੇ ਹਨ। ਉਨ੍ਹਾਂ ਦੀ ਪਛਾਣ ਮਹਿੰਦਰ ਪਾਲ ਸਿੰਘ, ਗੁਰਤੇਜ ਸਿੰਘ ਤੇ ਲਵਪ੍ਰੀਤ ਵਜੋਂ ਕੀਤੀ ਗਈ ਹੈ ਤੇ ਇਹ ਤਿੰਨੇ ਜਣੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਸੰਪਰਕ ਵਾਲੇ ਸਨ ਅਤੇ ਹਥਿਆਰਾਂ ਦੀ ਸਿਖਲਾਈ ਲੈਣ ਲਈ ਪਾਕਿ-ਸਤਾਨ ਜਾਣ ਦੀ ਯੋਜਨਾ ਬਣਾ ਰਹੇ ਸਨ। ਪਤਾ ਲੱਗਾ ਹੈ ਕਿ ਅੰਮ੍ਰਿਤਸਰ ਵਿਚਲੇ ਇੱਕ ਸ਼ਿਵ ਸੈਨਾ ਆਗੂ ਅਤੇ ਸਿਰਸਾ ਡੇਰੇ ਵਾਲੇ ਰਾਮ ਰਹੀਮ ਦੇ ਇਕ ਪੈਰੋਕਾਰ ਸਮੇਤ ਕਈ



ਲੋਕ ਇਨ੍ਹਾਂ ਦੇ ਨਿਸ਼ਾਨੇ ਉੱਤੇ ਸਨ। ਇਸ ਸੰਬੰਧ ਵਿੱਚ ਦਿੱਲੀ ਦੇ ਸਪੈਸ਼ਲ ਸੈੱਲ ਦੇ ਡਿਪਟੀ ਕਮਿਸ਼ਨਰ ਪੁਲਸ ਸੰਜੀਵ ਕੁਮਾਰ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਦਿੱਲੀ ਵਿੱਚ ਖਾਲਿਸਤਾਨੀ ਸਰਗਰਮੀ ਦੀ ਸੂਚਨਾ ਮਿਲੀ ਤੇ ਪਤਾ ਲੱਗਾ ਸੀ ਕਿ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਜੁੜਿਆ ਮਹਿੰਦਰ ਪਾਲ ਸਿੰਘ ਦਿੱਲੀ ਵਿੱਚ ਸਰਗਮੀਆਂ ਦੇ ਲਈ ਉੱਤਮ ਨਗਰ ਵਿਚਲੇ ਹਸਤਸਾਲ ਇਲਾਕੇ ਵਿੱਚ ਆਉਣ ਵਾਲਾ ਹੈ। ਇਸ ਤੋਂ ਬਾਅਦ ਏ ਸੀ ਪੀ ਜਸਬੀਰ ਸਿੰਘ ਤੇ ਇੰਸਪੈਕਟਰ ਪੰਕਜ ਕੁਮਾਰ ਦੀ ਟੀਮ ਨੇ ਰਾਤ ਨੌਂ ਵਜੇ ਮੋਟਰਸਾਈਕਲ ਉੱਤੇ ਆਏ ਮਹਿੰਦਰ ਸਿੰਘ ਨੂੰ ਫੜ ਲਿਆ। ਪੁੱਛਗਿੱਛ ਤੋਂ ਪਤਾ ਲੱਗਾ ਕਿ ਉਹ ਪਿੱਛੋਂ ਜੰਮੂ-ਕਸ਼ਮੀਰ ਦੇ ਬਾਰਾਮੂਲਾ ਦਾ ਵਾਸੀ ਹੈ ਤੇ ਦਿੱਲੀ ਵਿੱਚ ਨਿਲੋਠੀ ਦੇ ਰਹਿ ਰਿਹਾ ਸੀ। ਤਲਾਸ਼ੀ ਵਿੱਚ ਉਸ ਕੋਲੋਂ ਪਿਸਤੌਲ ਤੇ ਦੋ ਕਾਰਤੂਸ ਮਿਲੇ। ਉਸ ਦੀ ਨਿਸ਼ਾਨਦੇਹੀ ਉੱਤੇ ਹੋਰਨਾਂ ਨੂੰ ਫੜਨ ਲਈ ਇੱਕ ਪੁਲਿਸ ਟੀਮ ਪੰਜਾਬ ਭੇਜੀ ਗਈ ਤੇ ਮਾਨਸਾ ਤੋਂ ਉਸ ਦੇ ਸਾਥੀ ਲਵਪ੍ਰੀਤ ਨੂੰ ਗ੍ਰਿਫਤਾਰ ਕਰ ਲਿਆ। ਉਹ ਹਰਿਆਣਾ ਦੇ ਕੈਥਲ ਦਾ ਵਸਨੀਕ ਹੈ ਤੇ ਉਸ ਕੋਲੋਂ ਦੋ ਪਿਸਤੌਲ ਤੇ ਪੰਜ ਕਾਰਤੂਸ ਮਿਲੇ ਹਨ। ਫਿਰ ਪੁਲਿਸ ਟੀਮ ਨੇ ਪੰਜਾਬ ਦੇ ਮਾਨਸਾ ਤੋਂ ਤੀਜੇ ਖਾੜਕੂ ਗੁਰਤੇਜ ਸਿੰਘ ਨੂੰ ਵੀ ਫੜ ਲਿਆ ਹੈ। ਦਿੱਲੀ ਪੁਲਸ ਦੇ ਅਧਿਕਾਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗੁਰਤੇਜ ਸਿੰਘ ਦਾ ਜਨਮ ਅਸਾਮ ਵਿੱਚ ਹੋਇਆ ਸੀ ਅਤੇ ਉਸ ਦੇ ਪਿਤਾ ਫੌਜ ਵਿੱਚ ਸੂਬੇਦਾਰ ਸਨ। ਖਾਲਿਸਤਾਨ ਅੰਦੋਲਨ ਵੱਲ ਝੁਕਾਅ ਕਾਰਨ ਗੁਰਤੇਜ ਸਿੰਘ ਆਈ ਐੱਸ ਆਈ ਨਾਲ ਜੁੜੇ ਅਬਦੁੱਲਾ ਅਤੇ ਅਵਤਾਰ ਸਿੰਘ ਪੰਨੂੰ ਅਤੇ ਗੋਪਾਲ ਸਿੰਘ ਚਾਵਲਾ ਦੇ ਸੰਪਰਕ ਵਿੱਚ ਆਇਆ ਸੀ। ਜੰਮੂ ਕਸ਼ਮੀਰ ਦੇ ਬਾਰਾਮੂਲਾ ਦਾ ਵਸਨੀਕ ਮਹਿੰਦਰ ਪਾਲ ਸਿੰਘ ਪੜ੍ਹਾਈ ਕਰਨ ਲਈ 2007 ਵਿੱਚ ਦਿੱਲੀ ਆਇਆ ਸੀ, ਪਰ ਪੜ੍ਹਾਈ ਜਾਰੀ ਨਹੀਂ ਰੱਖ ਸਕਿਆ ਅਤੇ ਖਾਲਿਸਤਾਨ ਅੰਦੋਲਨ ਤੋਂ ਪ੍ਰੇਰਿਤ ਹੋ ਕੇ ਉਸ ਨੇ ਇਨ੍ਹਾਂ ਸੰਪਰਕ ਬਣਾ ਲਿਆ ਸੀ। ਲਵਪ੍ਰੀਤ ਸਿੰਘ ਪਹਿਲਾਂ ਕੰਪਿਊਟਰ ਮੁਰੰਮਤ ਦੀ ਦੁਕਾਨ ਦੇ ਨਾਲ ਲੋਕਾਂ ਦੇ ਘਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਂਦਾ ਸੀ, ਪਰ ਚਾਰ ਸਾਲ ਪਹਿਲਾਂ ਖਾਲਿਸਤਾਨ ਅੰਦੋਲਨ ਵੱਲ ਝੁਕ ਗਿਆ ਅਤੇ ਸੋਸ਼ਲ ਮੀਡੀਆ ਉੱਤੇ ਕਾਫੀ ਸਰਗਰਮ ਹੈ।

## ਸੋਨੀਆ ਗਾਂਧੀ ਨੇ ਪੁੱਛਿਆ

## ਚੀਨ ਦੀ ਘੁਸਪੈਠ ਬਿਨਾਂ 20 ਭਾਰਤੀ ਜਵਾਨ ਸ਼ਹੀਦ ਕਿਵੇਂ ਹੋ ਗਏ



ਨਵੀਂ ਦਿੱਲੀ, 28 ਜੂਨ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕੱਲ੍ਹ ਇਹ ਕਿਹਾ ਕਿ ਕੇਂਦਰ ਸਰਕਾਰ ਚੀਨ ਨਾਲ ਲੱਗਦੀ ਸਰਹੱਦ ਦੀ ਰਾਖੀ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਉਹ ਦੇਸ਼ ਨੂੰ ਲੱਦਾਖ ਮੁੱਦੇ ਉੱਤੇ ਭਰੋਸੇ 'ਚ ਲੈਣ। ਕਾਂਗਰਸ ਵੱਲੋਂ ਲੱਦਾਖ 'ਚ ਮਾਰੇ ਗਏ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਚਲਾਈ ਮੁਹਿੰਮ ਦੌਰਾਨ ਸ੍ਰੀਮਤੀ ਗਾਂਧੀ ਨੇ ਕੱਲ੍ਹ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਜੇਕਰ ਚੀਨ ਨੇ ਭਾਰਤੀ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ ਤਾਂ ਦੇਸ਼ ਦੇ ਜਵਾਨ ਕਿਉਂ ਸ਼ਹੀਦ ਹੋਏ। ਉਨ੍ਹਾਂ ਕਿਹਾ, 'ਅੱਜ ਜਦੋਂ ਭਾਰਤ-ਚੀਨ ਸਰਹੱਦ 'ਤੇ ਸੰਕਟ ਦੀ ਸਥਿਤੀ ਬਣੀ ਹੋਈ ਹੈ, ਓਦੋਂ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।'' ਉਨ੍ਹਾਂ ਕਿਹਾ, ''ਦੇਸ਼ 'ਚ ਚੀਨ ਨੇ ਸਾਡੇ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ ਤਾਂ ਸਾਡੇ 20 ਜਵਾਨ ਸ਼ਹੀਦ ਕਿਸ ਤਰ੍ਹਾਂ ਹੋਏ।'' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ ਭਾਰਤੀ ਇਲਾਕੇ 'ਚ ਕੋਈ ਘੁਸਪੈਠ ਨਹੀਂ ਹੋਈ, ਪਰ ਸੈਟੇਲਾਈਟ ਦੀਆਂ ਤਸਵੀਰਾਂ ਦੇਖ ਕੇ ਮਾਹਰਾਂ ਦਾ ਕਹਿਣਾ ਹੈ ਕਿ ਚੀਨ ਦੇ ਫ਼ੌਜੀ ਸਾਡੇ ਇਲਾਕੇ 'ਚ ਮੌਜੂਦ ਹਨ। ਉਨ੍ਹਾਂ ਸਵਾਲ ਕੀਤਾ, ''ਮੋਦੀ ਸਰਕਾਰ ਕਦੋਂ ਅਤੇ ਕਿਵੇਂ ਚੀਨ ਤੋਂ ਆਪਣੀ ਜ਼ਮੀਨ ਵਾਪਸ ਲਵੇਗੀ? ਕੀ ਲੱਦਾਖ 'ਚ ਚੀਨ ਵੱਲੋਂ ਸਾਡੀ ਅਖੰਡਤਾ ਦੀ ਉਲੰਘਣਾ ਜਾਰੀ ਰਹੇਗੀ? ਕੀ ਪ੍ਰਧਾਨ ਮੰਤਰੀ ਸਰਹੱਦੀ ਵਿਵਾਦ 'ਤੇ ਸਾਰੇ ਦੇਸ਼ ਨੂੰ ਭਰੋਸੇ ਵਿੱਚ ਲੈਣਗੇ।''

## ਮਨੀ ਲਾਂਡਰਿੰਗ ਕੇਸ ਵਿੱਚ ਈ ਡੀ ਵੱਲੋਂ ਸੋਨੀਆ ਗਾਂਧੀ ਦੇ ਸਹਾਇਕ ਅਹਿਮਦ ਪਟੇਲ ਤੋਂ ਪੁੱਛਗਿੱਛ

ਨਵੀਂ ਦਿੱਲੀ, 28 ਜੂਨ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਇਕ ਟੀਮ ਨੇ ਅੱਜ ਸੰਦੇਸਰਾ ਭਰਾਵਾਂ ਨਾਲ ਸੰਬੰਧਤ ਬਹੁ ਚਰਚਿਤ ਮਨੀ ਲਾਂਡਰਿੰਗ ਕੇਸ ਵਿੱਚ ਕਾਂਗਰਸ ਦੇ ਸੀਨੀਅਰ ਆਗੂ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਨਿੱਜੀ ਸਹਾਇਕ ਰਹਿ ਚੁੱਕੇ ਅਹਿਮਦ ਪਟੇਲ ਤੋਂ ਲੰਮੀ ਪੁੱਛਗਿੱਛ ਕੀਤੀ ਹੈ। ਪਤਾ ਲੱਗਾ ਹੈ ਕਿ ਅਹਿਮਦ ਪਟੇਲ ਦਾ ਬਿਆਨ ਦਰਜ ਕਰਨ ਲਈ ਅੱਜ ਸ਼ਨਿਚਰਵਾਰ ਨੂੰ ਈ ਡੀ ਟੀਮ ਉਨ੍ਹਾਂ ਦੇ ਦਿੱਲੀ ਵਾਲੇ ਘਰ ਪੁੱਜੀ ਸੀ। ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਤਿੰਨ ਮੈਂਬਰੀ ਟੀਮ ਮੱਧ ਦਿੱਲੀ ਦੇ 23, ਮਦਰ ਟੈਰੇਸਾ ਕ੍ਰੇਸੈਂਟ ਵਿਚਲੇ ਅਹਿਮਦ ਪਟੇਲ ਘਰ ਗਈ ਤੇ ਮਨੀ ਲਾਂਡਰਿੰਗ ਰੋਕਥਾਮ ਕਾਨੂੰਨ (ਪੀ ਐੱਮ ਐੱਲ ਏ) ਹੇਠ ਉਨ੍ਹਾਂ ਦਾ ਬਿਆਨ ਦਰਜ ਕੀਤਾ। ਈ ਡੀ ਨੇ ਪਟੇਲ ਨੂੰ ਇਸ ਬਾਰੇ ਪੁੱਛਗਿੱਛ ਲਈ ਪਹਿਲਾਂ ਦੋ ਵਾਰੀ ਸੱਦਿਆ ਸੀ, ਪਰ ਗੁਜਰਾਤ ਤੋਂ ਰਾਜ ਸਭਾ ਮੈਂਬਰ ਪਟੇਲ ਨੇ ਸੀਨੀਅਰ ਨਾਗਰਿਕਾਂ ਨੂੰ ਘਰ ਵਿੱਚ ਰਹਿਣ ਦੀ ਸਲਾਹ ਦੇਣ ਵਾਲੇ ਕੋਵਿਡ-19 ਮਹਾਮਾਰੀ ਨਿਯਮ ਦੇ ਹਵਾਲੇ ਨਾਲ ਟਾਲ ਦਿੱਤਾ ਸੀ। ਜਾਂਚ ਏਜੰਸੀ ਨੇ ਈ ਡੀ ਨੇ ਅਹਿਮਦ ਪਟੇਲ ਨੂੰ ਭਰੋਸਾ ਦਿੱਤਾ ਸੀ ਕਿ ਉਸ ਦੇ ਦਫਤਰ ਵਿੱਚ ਪੁੱਛਗਿੱਛ ਦੌਰਾਨ ਹਰ ਤਰ੍ਹਾਂ ਦੇਖਭਾਲ ਕੀਤੀ ਜਾਵੇਗੀ, ਪਰ ਪਟੇਲ ਦੀ ਕਾਨੂੰਨੀ ਟੀਮ ਨੇ ਕਿਹਾ ਸੀ ਕਿ ਈ ਡੀ ਹੈੱਡਕੁਆਰਟਰ ਵਿੱਚ ਕੋਰੋਨਾ ਵਾਇਰਸ ਦੇ ਕੇਸ ਹੋਣ ਬਾਰੇ ਰਿਪੋਰਟਾਂ ਹਨ। ਫਿਰ ਜਾਂਚ ਏਜੰਸੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕੇਸ ਦੀ ਜਾਂਚ ਵਧਾਉਣ ਲਈ ਉਨ੍ਹਾਂ ਦੇ ਘਰ ਜਾਣ ਨੂੰ ਤਿਆਰ ਹਨ। ਘਰ ਜਾਣ ਦਾ ਸਮਾਂ ਤੈਅ ਕਰ ਕੇ ਜਾਂਚ ਏਜੰਸੀ ਨੇ ਪਟੇਲ ਨੂੰ ਇਸ ਬਾਰੇ ਦੱਸਿਆ ਸੀ ਕਿ ਉਹ ਕੇਸ ਦੇ ਜਾਂਚ ਅਧਿਕਾਰੀ ਨੂੰ ਪੁੱਛਗਿੱਛ ਲਈ ਉਨ੍ਹਾਂ ਕੋਲ ਭੇਜਣਗੇ।

ਅਹਿਮਦ ਪਟੇਲ ਪਹਿਲਾਂ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਸ ਪਾਰਟੀ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀਆਂ ਵਿੱਚੋਂ ਮੰਨਿਆ ਜਾਂਦਾ ਹੈ। ਉਹ ਇਸ ਵਕਤ ਵੀ ਸੋਨੀਆ ਗਾਂਧੀ ਨਾਲ ਸਹਾਇਕ ਵਜੋਂ ਕੰਮ ਕਰਦੇ ਹਨ। ਉਨ੍ਹਾਂ ਵਿਰੁੱਧ ਮਨੀ ਲਾਂਡਰਿੰਗ ਕੇਸ 14,500 ਕਰੋੜ ਦੇ ਬੈਂਕ ਕਰਜ਼ੇ ਵਿੱਚ ਫਰਾਡ ਦਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਵਡੋਦਰਾ ਦੀ ਫਾਰਮਾ ਕੰਪਨੀ ਸਟਰਲਿੰਗ ਬਾਇਓਟੈੱਕ ਅਤੇ ਉਸ ਦੇ ਮੋਢੀ ਨਿਤਿਨ ਸੰਦੇਸਰਾ, ਚੇਤਨ ਸੰਦੇਸਰਾ ਤੇ ਦੀਪਤੀ ਸੰਦੇਸਰਾ ਇਸ ਨਾਲ ਸੰਬੰਧਤ ਹਨ ਅਤੇ ਇਹ ਤਿੰਨੇ ਫਰਾਰ ਹਨ।

# ਭਾਰਤ ਦੇ ਹਵਾਬਾਜ਼ੀ ਮੰਤਰਾਲੇ ਨੇ 15 ਜੁਲਾਈ ਤੱਕ ਕੌਮਾਂਤਰੀ ਉਡਾਣਾਂ ਦੀ ਰੋਕ ਹੋਰ ਵਧਾਈ

* ਵਿਸ਼ੇਸ਼ ਗੱਡੀਆਂ ਤੋਂ ਬਿਨਾਂ ਰੇਲ ਸੇਵਾਵਾਂ ਵੀ ਫਿਰ ਬੰਦ



ਨਵੀਂ ਦਿੱਲੀ, 28 ਜੂਨ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਵਧ ਰਹੇ ਕੇਸਾਂ ਦੇ ਕਾਰਨ ਭਾਰਤ ਦੇ ਸਿਵਲ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਉਡਾਣਾਂ ਹਾਲੇ 15 ਜੁਲਾਈ ਤੱਕ ਏਸੇ ਤਰ੍ਹਾਂ ਮੁਲਤਵੀ ਰੱਖੀਆਂ ਜਾਣਗੀਆਂ। ਇਸ ਦੇਸ਼ ਤੋਂ ਅੰਤਰਰਾਸ਼ਟਰੀ ਉਡਾਣਾਂ ਮਾਰਚ ਦੇ ਆਖਰੀ ਹਫ਼ਤੇ ਰੋਕੀਆਂ ਗਈਆਂ ਸਨ। ਇਸ ਦੌਰਾਨ ਘਰੇਲੂ ਉਡਾਣਾਂ ਨੂੰ ਕੁਝ ਸ਼ਰਤਾਂ ਨਾਲ 25 ਮਈ ਤੋਂ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ ਗਈ ਸੀ।

ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਬਿਆਨ ਅਨੁਸਾਰ ਚੋਣਵੇਂ ਰੂਟਾਂ ਉੱਤੇ ਅੰਤਰਰਾਸ਼ਟਰੀ ਸ਼ਡਿਊਲ ਦੀਆਂ ਉਡਾਣਾਂ ਦੀ ਆਗਿਆ ਦਿੱਤੀ ਜਾ ਸਕਦੀ ਹੈ। ਪਿਛਲੇ ਹਫਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਸੀ ਕਿ ਭਾਰਤ ਜੁਲਾਈ ਵਿੱਚ ਹਾਲਾਤ ਵੇਖ ਕੇ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਦਾ ਫੈਸਲਾ ਲਵੇਗਾ। ਉਨ੍ਹਾ ਕਿਹਾ ਸੀ ਕਿ ਇੱਕ ਵਾਰ ਘਰੇਲੂ ਉਡਾਣਾਂ ਦਾ ਅਪਰੇਸ਼ਨ 50 ਤੋਂ 55 ਪ੍ਰਤੀਸ਼ਤ ਤੱਕ ਪਹੁੰਚ ਜਾਵੇ ਤਾਂ ਅੰਤਰਰਾਸ਼ਟਰੀ ਉਡਾਣਾਂ ਬਾਰੇ ਵੀ ਅਸੀਂ ਵਿਚਾਰ ਕਰਾਂਗੇ। ਸਰਹੱਦ ਉੱਤੇ ਦਾਖਲੇ ਦੀ ਪਾਬੰਦੀ, ਇਕਾਤਵਾਂਸ ਸ਼ਰਤਾਂ ਆਦਿ ਕੁਝ ਪੱਖਾਂ ਦਾ ਧਿਆਨ ਰੱਖ ਕੇ ਅੰਤਰਰਾਸ਼ਟਰੀ ਉਡਾਣਾਂ ਬਾਰੇ ਫੈਸਲਾ ਕੀਤਾ ਜਾਣਾ ਹੈ। ਅਮਰੀਕਾ, ਬ੍ਰਿਟੇਨ, ਬ੍ਰਾਜ਼ੀਲ, ਯੂ ਏ ਈ ਅਤੇ ਸਿੰਗਾਪੁਰ ਵਿਚ ਵੀ ਦਾਖਲ ਹੋਣ ਬਾਰੇ ਸ਼ਰਤਾਂ ਹਨ। ਇਹ ਦੇਸ਼ ਸਿਰਫ ਆਪਣੇ ਨਾਗਰਿਕਾਂ ਨੂੰ ਓਥੇ ਆਉਣ ਦੀ ਆਗਿਆ ਦੇ ਰਹੇ ਹਨ ਅਤੇ ਭਾਰਤ ਦੀਆਂ ਅੰਤਰਰਾਸ਼ਟਰੀ ਹਵਾਈ ਸੇਵਾਵਾਂ ਦਾ ਸ਼ੁਰੂ ਹੋਣਾ ਇਸ ਗੱਲ ਉੱਤੇ ਨਿਰਭਰ ਕਿ ਕੀ ਦੂਜੇ ਦੇਸ਼ ਵੀ ਆਪਣੇ ਏਅਰਪੋਰਟਾਂ ਉੱਤੇ ਹਵਾਈ ਜਹਾਜ਼ਾਂ ਨੂੰ ਆਉਣ ਦਿੰਦੇ ਹਨ ਜਾਂ ਨਹੀਂ। ਭਾਰਤ ਕੋਲ ਇਕੋ ਬਦਲ ਹੈ ਕਿ ਸਿਰਫ ਨਿਕਾਸੀ ਉੱਤੇ ਕੰਟਰੋਲ ਦਾ ਕੰਮ ਕਰਨਾ। ਇਸ ਦੇ ਤਹਿਤ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਲਿਆਉਣ ਵਾਲਾ ਕੰਮ ਜਾਰੀ ਹੈ ਅਤੇ ਦੋਵਾਂ ਪੱਖਾਂ ਨੂੰ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੀ ਸ਼ੁਰੂਆਤ ਲਈ ਤਿਆਰ ਰੱਖਿਆ ਗਿਆ ਹੈ।

ਦੂਸਰੇ ਪਾਸੇ ਕੋਰੋਨਾ ਵਾਇਰਸ ਦੇ ਕੇਸ ਵਧਦੇ ਵੇਖ ਕੇ ਭਾਰਤੀ ਰੇਲਵੇ ਨੇ 12 ਅਗਸਤ ਤਕ ਸਾਰੀਆਂ ਰੇਲਾਂ ਬੰਦ ਕਰ ਦਿੱਤੀਆਂ ਹਨ। ਇਸ ਬਾਰੇ ਭਾਰਤ ਰੇਲਵੇ ਬੋਰਡ ਨੇ ਕਿਹਾ ਹੈ ਕਿ ਸਾਰੀਆਂ ਆਮ ਯਾਤਰੀ ਰੇਲਾਂ 12 ਅਗਸਤ ਤੱਕ ਬੰਦ ਰਹਿਣਗੀਆਂ, ਜਿਨ੍ਹਾਂ ਵਿੱਚ ਮੇਲ ਅਤੇ ਐਕਸਪ੍ਰੈਸ ਟਰੇਨਾਂ ਵੀ ਸ਼ਾਮਲ ਹਨ, ਪਰ ਸਪੈਸ਼ਲ ਟਰੇਨਾਂ ਪਹਿਲਾਂ ਵਾਂਗ ਜਾਰੀ ਰਹਿਣਗੀਆਂ। ਜਿਹੜੇ ਯਾਤਰੀਆਂ ਨੇ ਟਿਕਟਾਂ ਬੁੱਕ ਕਰਵਾਈਆਂ ਹਨ, ਉਨ੍ਹਾਂ ਨੂੰ 30 ਜੂਨ ਤਕ 100 ਫੀਸਦੀ ਰੀਫੰਡ ਦੇ ਦਿੱਤਾ ਜਾਵੇਗਾ। ਜੇ ਯਾਤਰੀਆਂ ਨੇ ਪਹਿਲੀ ਜੁਲਾਈ ਤੋਂ 12 ਅਗਸਤ ਦਰਮਿਆਨ ਆਪਣੀ ਟਿਕਟ ਬੁੱਕ ਕਰਵਾਈ ਹੈ ਤਾਂ ਉਸ ਨੂੰ ਕੈਂਸਲ ਮੰਨਿਆ ਜਾਵੇਗਾ। ਲੌਕਡਾਊਨ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਫਸੇ ਲੋਕਾਂ ਨੂੰ ਘਰ ਲਿਜਾਣ ਲਈ 12 ਮਈ ਤੋਂ 15 ਤੱਕ ਜਿਹੜੀਆਂ ਟਰੇਨਾਂ ਸ਼ੁਰੂ ਕੀਤੀਆਂ ਸਨ, ਉਹ ਚੱਲਦੀਆਂ ਰਹਿਣਗੀਆਂ।

## ਨੇਪਾਲੀ ਕਬਜ਼ੇ ਦਾ ਸਮਰੱਥਨ ਕਰਦੀ ਨੇਪਾਲੀ ਕਾਂਗਰਸ ਚੀਨੀ ਕਬਜ਼ੇ ਤੋਂ ਭੜਕ ਪਈ

ਨਵੀਂ ਦਿੱਲੀ, 28 ਜੂਨ (ਪੋਸਟ ਬਿਊਰੋ)- ਭਾਰਤੀ ਇਲਾਕਿਆਂ ਨੂੰ ਆਪਣਾ ਨਕਸ਼ੇ ਵਿੱਚ ਦਿਖਾਉਣ ਦੀ ਹਿੰਮਤ ਕਰ ਰਹੇ ਨੇਪਾਲ ਨੂੰ ਚੀਨ ਕੋਲੋਂ ਉਲਟਾ ਰਸ ਚੱਖਣ ਨੂੰ ਮਿ-ਲਆ ਹੈ। ਨੇਪਾਲ ਦੀ ਕੇ ਪੀ ਸ਼ਰਮਾ ਓਲੀ ਸਰਕਾਰ ਨੇ ਜਦੋਂ ਭਾਰਤੀ ਇਲਾਕਿਆਂ ਨੂੰ ਆਪਣੇ ਨਕਸ਼ੇ ਵਿੱਚ ਸ਼ਾਮਲ ਕਰ ਕੇ ਸੰਵਿਧਾਨ ਸੋਧ ਕੀਤੀ ਸੀ ਤਾਂ ਨੇਪਾਲੀ ਕਾਂਗਰਸ ਨੇ ਉਸ ਨੂੰ ਆਪਣਾ ਪੂਰਾ ਸਮਰੱਥਨ ਦਿੱਤਾ ਸੀ, ਪਰ ਜਦੋਂ ਚੀਨ ਨੇ ਨੇਪਾਲ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਤਾਂ ਨੇਪਾਲੀ ਕਾਂਗਰਸ ਓਥੇ ਸਰਕਾਰ ਦੇ ਵਿਰੁੱਧ ਖੜ੍ਹੀ ਹੋ ਗਈ ਹੈ। ਇਸ ਨਾਲ ਓਲੀ ਸਰਕਾਰ ਲਈ ਪਰੇਸ਼ਾਨੀਆਂ ਵਧ ਸਕਦੀਆਂ ਹਨ।

ਨੇਪਾਲੀ ਕਾਂਗਰਸ ਨੇ ਪਾਰਲੀਮੈਂਟ ਵਿੱਚ ਮਤਾ ਪੇਸ਼ ਕਰ ਕੇ ਓਥੋਂ ਦੀ ਕੇ ਪੀ ਸ਼ਰਮਾ ਓਲੀ ਸਰਕਾਰ 'ਤੇ ਜ਼ੋਰ ਦਿੱਤਾ ਹੈ ਕਿ ਉਹ ਚੀਨ ਸਰਕਾਰ ਨਾਲ ਗੱਲ ਕਰ ਕੇ ਉਸ ਦੇ ਕਬਜ਼ੇ ਵਿੱਚ ਗਈ ਨੇਪਾਲੀ ਜ਼ਮੀਨ ਵਾਪਸ ਲੈਣ। ਮਤੇ ਵਿੱਚ ਕਿਹਾ ਗਿਆ ਹੈ ਕਿ ਨੇਪਾਲ ਦੀ 1414.8 ਕਿਲੋਮੀਟਰ ਸੀਮਾ ਚੀਨ ਨਾਲ ਸਾਂਝੀ ਹੈ। ਇਸ ਪੂਰੀ ਸੀਮਾ ਉੱਤੇ ਕੁਲ 98 ਪਿੱਲਰ ਲਾਏ ਗਏ ਸਨ, ਜਿਨ੍ਹਾਂ ਵਿੱਚੋਂ ਕੁਝ ਗਾਇਬ ਹਨ ਤੇ ਕੁਝ ਨੇਪਾਲੀ ਪਾਸੇ ਧੱਕ ਦਿੱਤੇ ਗਏ ਹਨ। ਚੀਨ ਨੇ ਦੋਲਖਾ, ਹੁਮਲਾ, ਸੰਖੁਆਸਭਾ, ਸਿੰਧੂਪਾਲ ਚੌਕ, ਗੋਰਖਾ ਅਤੇ ਰਸੂਆ ਜ਼ਿਲ੍ਹਿਆਂ ਦੀ 64 ਹੈਕਟੇਅਰ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਮਤੇ ਵਿੱਚ ਕਿਹਾ ਗਿਆ ਹੈ ਕਿ ਚੀਨ ਨੇ ਗੋਰਖਾ ਜ਼ਿਲ੍ਹੇ ਵਿੱਚ ਪਿੱਲਰ ਨੰਬਰ-35 ਨੇਪਾਲ ਦੀ ਤੋਂ ਸ਼ਿਫਟ ਕਰ ਦਿੱਤਾ ਹੈ, ਜਿਸ ਨਾਲ 72 ਨੇਪਾਲ ਦੇ ਕਈ ਘਰ ਚੀਨ ਦੇ ਤਿਬਤ ਖੁਦਮੁਖਤਾਰ ਰਾਜ ਵਿੱਚ ਚਲੇ ਗਏ ਹਨ। ਇਸੇ ਤਰ੍ਹਾਂ ਧਾਰਚੁਲਾ ਜ਼ਿਲ੍ਹੇ ਦੇ ਜਿਊਜਿਊ ਵਿੱਚ 72 ਘਰ ਚੀਨੀ ਕਬਜ਼ੇ ਵਿੱਚ ਪਹੁੰਚ ਗਏ ਹਨ।

## ਤਾਲਿਬਾਨ ਵੱਲੋਂ ਅਗਵਾ ਕੀਤੇ ਨਿਧਾਨ ਸਿੰਘ ਦੀ ਪਤਨੀ ਵੱਲੋਂ ਮੋਦੀ ਨੂੰ ਪੱਤਰ

ਅੰਮ੍ਰਿਤਸਰ, 28 ਜੂਨ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਚਮਕਣੀ ਸ਼ਹਿਰ ਦੇ ਪਖ਼ਤਿਆ ਇਲਾਕੇ ਦੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਾ ਸ੍ਰੀ ਤਲਾਬ ਸਾਹਿਬ ਵਿੱਚ ਸੇਵਾ ਕਰਦੇ ਅਫ਼ਗਾਨ ਮੂਲ ਦੇ ਇੱਕ ਸਿੱਖ ਨਿਧਾਨ ਸਿੰਘ ਸਚਦੇਵਾ, ਜਿਨ੍ਹਾਂ ਨੂੰ ਪਿਛਲੇ ਹਫ਼ਤੇ ਤਾਲਿਬਾਨ ਅੱਤਵਾਦੀਆਂ ਨੇ ਅਗਵਾ ਕਰ ਲਿਆ ਸੀ, ਬਾਰੇ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਉਸ ਦੀ ਪਤਨੀ ਮੀਰਵੰਤੀ ਸਚਦੇਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਆਪਣੇ ਪਤੀ ਦੀ ਰਿਹਾਈ ਤੇ ਉਨ੍ਹਾਂ ਦੇ ਪਰਵਾਰ ਨੂੰ ਭਾਰਤ 'ਚ ਸ਼ਰਨ ਦੇਣ ਦੀ ਮੰਗ ਕੀਤੀ ਹੈ।

ਮੀਰਵੰਤੀ ਸਚਦੇਵਾ ਨੇ ਦੱਸਿਆ ਕਿ ਨਿਧਾਨ ਸਿੰਘ ਸਚਦੇਵ, ਜੋ ਜ਼ਿਲ੍ਹਾ ਤਮਸਖਾਨੀ ਦੇ ਵਾਸੀ ਹਨ, ਦੀ ਨਿਯੁਕਤੀ ਸਿੱਖ ਭਾਈਚਾਰੇ ਨੇ ਦੱਖਣ-ਪੂਰਬੀ ਖੇਤਰ 'ਚ ਪਹਿਲੀ ਪਾਤਸ਼ਾਹੀ ਨਾਲ ਸਬੰਧਿਤ ਇਤਿਹਾਸਕ ਗੁਰੂ ਘਰਾਂ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਕੀਤੀ ਸੀ। ਉਨ੍ਹਾ ਸਪੱਸ਼ਟ ਕਿਹਾ ਕਿ ਅਫ਼ਗਾਨਿਸਤਾਨ 'ਚ ਘੱਟ-ਗਿਣਤੀਆਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਅਤੇ ਅੱਤਵਾਦੀਆਂ ਹੱਥੋਂ ਉਨ੍ਹਾਂ ਸਭ ਤੋਂ ਮਾਰੇ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਤੋਂ ਸ਼ਰਨ ਦਿੱਤੇ ਜਾਣ ਦੀ ਮੰਗ ਕਰਦਿਆਂ ਕਿਹਾ ਕਿ ਅਫ਼ਗਾਨੀ ਸਿੱਖ ਭਾਈਚਾਰੇ 'ਤੇ ਮੁੜ ਹਮਲਾ ਹੋਣ ਦੀ ਉਡੀਕ ਨਾ ਕੀਤੀ ਜਾਵੇ, ਸਗੋਂ ਜਲਦੀ ਉਨ੍ਹਾਂ ਲਈ ਵੀਜ਼ੇ ਜਾਰੀ ਕੀਤੇ ਜਾਣ।

## ਝਗੜਾ ਛੁਡਾਉਣ ਗਈਆਂ ਦੋ ਗੁਆਂਢਣਾਂ ਨੂੰ ਪੌੜੀਆਂ ਤੋਂ ਧੱਕਾ, ਇੱਕ ਦੀ ਮੌਤ

ਅੰਮ੍ਰਿਤਸਰ, 28 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਦੀ ਬਟਾਲਾ ਰੋਡ ਉੱਤੇ ਇਲਾਕਾ ਜਵਾਹਰ ਨਗਰ ਵਿੱਚ ਦੋ ਔਰਤਾਂ ਪਤੀ-ਪਤਨੀ ਦਾ ਝਗੜਾ ਛੁਡਾਉਣ ਗਈਆਂ ਤਾਂ ਝਗੜਾ ਕਰਦੇ ਲੋਕਾਂ ਨੇ ਬਜ਼ੁਰਗ ਔਰਤਾਂ ਨੂੰ ਪੌੜੀਆਂ ਤੋਂ ਧੱਕਾ ਦੇ ਦਿੱਤਾ, ਜਿਸ ਕਾਰਨ ਇੱਕ ਔਰਤ ਦੀ ਮੌਤ ਹੋ ਗਈ ਹੈ। ਇਸ ਬਾਰੇ ਥਾਣਾ ਸਦਰ ਦੀ ਪੁਲਸ ਨੇ ਦੋਸ਼ੀਆਂ ਦੇ ਖਿਲਾਫ ਗੈਰ ਇਰਾਦਤਨ ਕਤਲ ਦਾ ਕੇਸ ਦਰਜ ਕਰ ਲਿਆ ਹੈ। ਰਮਨ ਠਾਕੁਰ ਵਾਸੀ ਗਲੀ ਨੰਬਰ ਦੋ ਜਵਾਹਰ ਨਗਰ ਬਟਾਲਾ ਰੋਡ ਨੇ ਪੁਲਸ ਨੂੰ ਦੱਸਿਆ ਕਿ 26 ਜੂਨ ਸ਼ਾਮ ਨੂੰ ਉਨ੍ਹਾਂ ਦੀ ਗੁਆਂਢਣ ਮੋਨਿਕਾ ਬੇਦੀ ਆਪਣੇ ਪਤੀ ਹਰਜਿੰਦਰ ਸਿੰਘ ਨਾਲ ਘਰ ਦੀ ਪਹਿਲੀ ਮੰਜ਼ਿਲ 'ਤੇ ਝਗੜ ਰਹੀ ਸੀ। ਉਸ ਦੀ ਮਾਂ ਭਗਵਤੀ ਦੇਵੀ ਨੇ ਪਤੀ-ਪਤਨੀ ਦਾ ਝਗੜਾ ਖਤਮ ਕਰਾਉਣ ਦੀ ਸੋਚੀ ਅਤੇ ਗੁਆਂਢ ਵਿੱਚ ਰਹਿੰਦੀ ਔਰਤ ਅਤੇ ਆਪਣੀ ਸਹੇਲੀ ਰਜਨੀ ਮਹਿਤਾ ਨੂੰ ਆਵਾਜ਼ ਮਾਰੀ। ਗੁਆਂਢੀ ਹੋਣ ਕਾਰਨ ਪਤੀ-ਪਤਨੀ ਦਾ ਝਗੜਾ ਖਤਮ ਕਰਾਉਣ ਇਹ ਦੋਵੇਂ ਗਈਆਂ। ਜਦੋਂ ਮੋਨਿਕਾ ਬੇਦੀ ਦੇ ਘਰ ਵੜੀਆਂ ਤਾਂ ਮੋਨਿਕਾ ਬੇਦੀ ਨੇ ਆਪਣੇ ਭਰਾਵਾਂ ਦੀ ਮਦਦ ਨਾਲ ਪੌੜੀਆਂ ਚੜ੍ਹਦੀ ਰਜਨੀ ਮਹਿਤਾ ਨੂੰ ਧੱਕਾ ਦੇ ਦਿੱਤਾ, ਜਿਸ ਕਾਰਨ ਉਹ ਪੌੜੀਆਂ ਤੋਂ ਹੇਠਾਂ ਡਿੱਗਣ ਲੱਗੀ। ਉਸ ਦੇ ਪਿੱਛੇ ਉਸ ਦੀ ਮਾਂ ਸੀ। ਰਜਨੀ ਉਨ੍ਹਾਂ ਦੀ ਮਾਂ 'ਤੇ ਆ ਡਿੱਗੀ, ਜਿਸ ਕਾਰਨ ਦੋਵੇਂ ਸਹੇਲੀਆਂ ਪੌੜੀਆਂ ਤੋਂ ਡਿੱਗ ਗਈਆਂ। ਦੋਵੇਂ ਔਰਤਾਂ ਜਦ ਡਿੱਗ ਕੇ ਜ਼ਖਮੀ ਹੋ ਗਈਆਂ ਤਾਂ ਇਲਾਕੇ ਦੇ ਲੋਕਾਂ ਨੇ ਰੌਲਾ ਪਾ ਦਿੱਤਾ। ਦੋਵਾਂ ਨੂੰ ਬਟਾਲਾ ਰੋਡ 'ਤੇ ਅਪੈਕਸ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮਾਂ ਦੀ ਮੌਤ ਹੋ ਗਈ।

# ਪੰਜਾਬ ਵਿੱਚ 50 ਫ਼ੀਸਦੀ ਸਵਾਰੀਆਂ ਦੀ ਸ਼ਰਤ ਖਤਮ, ਭਰੀਆਂ ਬੱਸਾਂ ਚਲਾਉਣ ਦੀ ਖੁੱਲ੍ਹ ਮਿਲੀ



ਚੰਡੀਗੜ੍ਹ, 28 ਜੂਨ, (ਪੋਸਟ ਬਿਊਰੋ)- ਸਾਰੇ ਦੇਸ਼ ਵਿੱਚ ਵਧ ਰਹੀਆਂ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਤੋਂ ਟਰਾਂਸਪੋਰਟਰ ਕੰਪਨੀਆਂ ਦਾ ਸਾਹ ਸੌਖਾ ਕਰਨ ਦੇ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਰਾਜ ਵਿੱਚ ਬੱਸਾਂ ਵਿੱਚ ਪੂਰੀ ਸਮਰੱਥਾ ਮੁਤਾਬਕ ਯਾਤਰੀ ਬਿਠਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅੱਜ ਸ਼ਨਿਚਰਵਾਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿੰਨੀ ਬੱਸਾਂ ਸਮੇਤ ਸਭ ਬੱਸਾਂ ਵਿੱਚ ਯਾਤਰੀ ਬਿਠਾਉਣ ਉੱਤੇ ਪਹਿਲਾਂ ਲਾਈ ਹੋਈ ਰੋਕ ਹਟਾ ਕੇ ਕਿਹਾ ਕਿ ਬੱਸਾਂ ਵਿੱਚ ਸਾਰੇ ਯਾਤਰੀਆਂ ਲਈ ਮਾਸਕ ਪਾਉਣਾ ਲਾਜ਼ਮੀ ਹੋਵੇਗਾ। 'ਆਸਕ ਕੈਪਟਨ' ਪ੍ਰੋਗਰਾਮ ਵਿੱਚ ਸ਼ਨਿਚਰਵਾਰ ਨੂੰ ਇਕ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਇਸ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਦੌਰਾਨ ਹਰੀਆ ਖੁਰਦ ਦੇ ਇੱਕ ਵਸਨੀਕ ਨੇ ਕਿਹਾ ਸੀ ਕਿ ਬੱਸਾਂ ਵਿੱਚ ਯਾਤਰੀਆਂ ਦੀ ਗਿਣਤੀ ਉੱਤੇ ਪਾਬੰਦੀ ਕਾਰਨ ਲੋਕਾਂ ਨੂੰ ਟਰਾਂਸਪੋਰਟ ਸਹੂਲਤਾਂ ਨਹੀਂ ਮਿਲ ਰਹੀਆਂ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਪਹਿਲਾਂ 50 ਫੀਸਦੀ ਯਾਤਰੀਆਂ ਨਾਲ ਬੱਸਾਂ ਚਲਾਉਣ ਦੀ ਖੁੱਲ੍ਹ ਦਿੱਤੀ ਸੀ। ਅੱਜ ਇਸ ਸਵਾਲ ਉੱਤੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਬੱਸਾਂ ਵਿੱਚ 50 ਫੀਸਦੀ ਯਾਤਰੀਆਂ ਨੂੰ ਬਿਠਾਉਣ ਦੀ ਖੁੱਲ੍ਹ ਕਾਰਨ ਬਹੁਤੇ ਟਰਾਂਸਪੋਰਟਰ ਅਜੇ ਆਪਣੀਆਂ ਬੱਸਾਂ ਚਲਾਉਣ ਦੇ ਚਾਹਵਾਨ ਨਹੀਂ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਵਿੱਤੀ ਨੁਕਸਾਨ ਹੁੰਦਾ ਹੈ। ਯਾਤਰੀ ਬੱਸਾਂ ਨਾ ਚੱਲਣ ਕਾਰਨ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ, ਇਸ ਲਈ ਭਰੀਆਂ ਬੱਸਾਂ ਚਲਾਉਣ ਦੀ ਖੁੱਲ੍ਹ ਦਿੱਤੀ ਹੈ। ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾ ਕਿਹਾ ਕਿ ਕਾਂਗਰਸ ਵਰਕਿੰਗ ਕਮੇਟੀ ਨੇ ਇਸ ਬਾਰੇ ਇਕ ਮਤਾ ਪਾਸ ਕੀਤਾ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਕੇਂਦਰ ਸਰਕਾਰ ਛੇਤੀ ਹੀ ਇਸ ਬਾਰੇ ਕੋਈ ਕਦਮ ਚੁੱਕੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿੰਨੀ ਬੱਸਾਂ ਦੇ ਪਰਮਿਟ ਲਈ ਅਰਜ਼ੀਆਂ ਦੇਣ ਦੀ ਅੰਤਮ ਤਰੀਕ 15 ਜੁਲਾਈ ਤਕ ਵਧਾਉਣ ਦਾ ਐਲਾਨ ਕੀਤਾ ਹੈ। ਰਾਜ ਵਿੱਚ ਕੁਝ ਬੱਸ ਆਪਰੇਟਰਾਂ ਦਾ ਗਲਬਾ ਤੋੜਨ ਲਈ ਸਰਕਾਰ ਵਲੋਂ ਨਵੇਂ ਪਰਮਿਟ ਜਾਰੀ ਕਰਨ ਲਈ ਅਰਜ਼ੀਆਂ ਦੇਣ ਲਈ ਅੰਤਮ ਤਰੀਕ ਪਹਿਲਾਂ 30 ਜੂਨ ਤੈਅ ਸੀ। ਬੱਸ ਆਪਰੇਟਰਾਂ ਨੂੰ ਰਾਜ ਸਰਕਾਰ ਨੇ 1400 ਪੇਂਡੂ ਰੂਟਾਂ ਉੱਤੇ ਪਰਮਿਟ ਦੇਣ ਲਈ ਅਰਜ਼ੀਆਂ ਮੰਗੀਆਂ ਹਨ। ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਇਸ ਪ੍ਰਕਿਰਿਆ ਉੱਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ਼ਨਿਚਰਵਾਰ ਲਾਕਡਾਊਨ ਵਧਾਉਣ ਦੀ ਸੰਭਾਵਨਾ ਬਾਰੇ ਕਿਹਾ ਕਿ ਲੋਕਾਂ ਦੀ ਭਲਾਈ ਲਈ ਉਹ ਹਰ ਫੈਸਲਾ ਲੈਣ ਨੂੰ ਤਿਆਰ ਹਨ। ਲੁਧਿਆਣਾ ਦੇ ਇਕ ਵਿਅਕਤੀ ਦੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਲਾਕਡਾਊਨ ਵਧਾਉਣਾ ਜਾਂ ਨਾ ਵਧਾਉਣਾ ਲੋਕਾਂ ਦੇ ਹੱਥ ਹੈ। ਜੇ ਲੋਕ ਇਸ ਮਹਾਮਾਰੀ ਨੂੰ ਕੰਟਰੋਲ ਵਿੱਚ ਕਰਨ ਵਿੱਚ ਸਫਲ ਰਹੇ ਤਾਂ ਲਾਕਡਾਊਨ ਵਧਾਉਣ ਦੀ ਲੋੜ ਨਹੀਂ, ਪਰ ਜੇ ਹਾਲਾਤ ਵਿਗੜੇ ਤਾਂ ਸਰਕਾਰ ਕੋਲ ਕੋਈ ਬਦਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੋਰੋਨਾ ਵਾਇਰਸ ਦੇ ਕੇਸ ਵਧ ਰਹੇ ਹਨ। ਜੇ ਲੋਕ ਜ਼ਿੰਮੇਵਾਰੀ ਸਮਝਣ ਤਾਂ ਮਾਸਕ ਨਾ ਪਾਉਣ ਲਈ ਚਲਾਣ ਕਰਨ ਦੀ ਵੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਮਾਹਰਾਂ ਦੇ ਮੁਤਾਬਕ ਪੰਜਾਬ ਵਿੱਚ ਕੋਰੋਨਾ ਦਾ ਸਿਖਰ ਆਉਣ ਨੂੰ ਹਾਲੇ ਕੁਝ ਸਮਾਂ ਹੈ। ਇਸ ਲਈ ਸਰਕਾਰ ਕੋਰੋਨਾ ਵਾਇਰਸ ਬਾਰੇ ਕੋਈ ਲਾਪਰਵਾਹੀ ਨਹੀਂ ਵਰਤਣਾ ਚਾਹੁੰਦੀ।

## ਡਾਕਟਰ ਦੇ ਪਰੌਂਠੇ ਵਿੱਚ ਮੱਖੀ ਦਾ ਫਰਜ਼ੀ ਵੀਡੀਓ ਵਾਇਰਲ ਕਰਨ ਦਾ ਕੇਸ ਦਰਜ

ਸੰਗਰੂਰ, 28 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਬਣਾਏ ਕੋਵਿਡ ਕੇਅਰ ਸੈਂਟਰ ਘਾਬਦਾਂ ਵਿੱਚ ਭਰਤੀ ਕੀਤੇ ਗਏ ਧੂਰੀ ਦੇ ਕੋਰੋਨਾ ਪਾਜ਼ੀਟਿਵ ਹੋਮਿਓਪੈਥਿਕ ਡਾਕਟਰ ਨੇ ਪਰੌਂਠੇ ਵਿੱਚੋਂ ਮੱਖੀ ਨਿਕਲਣ, ਸਫਾਈ ਨਾ ਹੋਣ ਤੇ ਸਮੇਂ ਸਿਰ ਜਾਂਚ ਨਾ ਹੋਣ ਦੀ ਸੋਸ਼ਲ ਮੀਡੀਆ ਉੱਤੇ ਵੀਡੀਓ ਵਾਇਰਲ ਕਰ ਦਿੱਤੀ ਸੀ। ਡਿਪਟੀ ਕਮਿਸ਼ਨਰ ਦੀ ਜਾਂਚ ਵਿੱਚ ਵੀਡੀਓ ਝੂਠੀ ਨਿਕਲੀ ਅਤੇ ਇਸ ਬਾਰੇ ਡਾਕਟਰ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਦੋਸ਼ ਹੈ ਕਿ ਡਾਕਟਰ ਆਪਣੇ ਘਰ ਵਿੱਚ ਕਵਾਰੰਟਾਈਨ ਹੋਣਾ ਚਾਹੁੰਦਾ ਹੈ, ਇਸ ਲਈ ਗਲਤ ਵੀਡੀਓ ਅਪਲੋਡ ਕਰ ਦਿੱਤੀ ਸੀ।

ਵਰਨਣ ਯੋਗ ਹੈ ਕਿ ਬੀਤੇ ਸ਼ੁੱਕਰਵਾਰ ਵਾਇਰਲ ਹੋਈ ਵੀਡੀਓ ਵਿੱਚ ਇਨਫੈਕਟਿਡ ਡਾਕਟਰ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਸੀ ਕਿ ਕੋਵਿਡ ਸੈਂਟਰਾਂ ਦਾ ਦੌਰਾ ਕਰਨ ਅਤੇ ਵਿਵਸਥਾ ਵਿੱਚ ਸੁਧਾਰ ਕੀਤਾ ਜਾਏ। ਡਾਕਟਰ ਨੇ ਇਹ ਵੀ ਕਿਹਾ ਸੀ ਕਿ ਉਸ ਵਿੱਚ ਕੋਰੋਨਾ ਦੇ ਲੱਛਣ ਨਾ ਹੋਣ ਦੇ ਬਾਵਜੂਦ ਸਿਹਤ ਵਿਭਾਗ ਨੇ ਉਸ ਨੂੰ ਭਰਤੀ ਕਰ ਲਿਆ ਹੈ, ਪਰ ਇਥੇ ਨਾ ਪੌਸ਼ਟਿਕ ਖਾਣਾ ਮਿਲਦਾ ਹੈ ਅਤੇ ਨਾ ਸਮੇਂ 'ਤੇ ਜਾਂਚ ਹੁੰਦੀ ਹੈ ਤੇ ਕਮਰੇ ਦਾ ਏ ਸੀ ਖਰਾਬ ਹੈ। ਡਿਪਟੀ ਕਮਿਸ਼ਨਰ ਰਾਮਵੀਰ ਨੇ ਜਾਂਚ ਕੀਤੀ ਤਾਂ ਵੀਡੀਓ ਫਰਜ਼ੀ ਨਿਕਲਿਆ। ਹੋਰ ਕਿਸੇ ਮਰੀਜ਼ ਨੇ ਸ਼ਿਕਾਇਤ ਨਹੀਂ ਸੀ ਕੀਤੀ। ਇਸ ਉੱਤੇ ਕੋਵਿਡ ਕੇਅਰ ਸੈਂਟਰ ਘਾਬਦਾਂ ਦੇ ਮੈਡੀਕਲ ਅਫਸਰ ਡਾਕਟਰ ਅਰੁਣ ਜੈਨ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਇਨਫੈਕਟਿਡ ਡਾਕਟਰ ਨੂੰ ਕੋਵਿਡ ਕੇਅਰ ਸੈਂਟਰ ਵਿੱਚ ਕਵਾਰੰਟਾਈਨ ਕੀਤਾ ਗਿਆ ਹੈ, ਪਰ ਉਹ ਇਥੇ ਰਹਿਣਾ ਨਹੀਂ ਚਾਹੁੰਦਾ ਅਤੇ ਵਿਵਸਥਾ ਬਾਰੇ ਗਲਤ ਪ੍ਰਚਾਰ ਕਰ ਰਿਹਾ ਹੈ।

# ਅਹੁਦਾ ਖੋਹੇ ਜਾਣ ਨਾਲ ਨਾਰਾਜ਼ ਕਰਨ ਅਵਤਾਰ ਸਿੰਘ ਛੁੱਟੀ ਤੁਰ ਗਿਆ

ਚੰਡੀਗੜ੍ਹ, 28 ਜੂਨ (ਪੋਸਟ ਬਿਊਰੋ)- ਆਈ ਏ ਐੱਸ ਅਧਿਕਾਰੀ ਵਿਨੀ ਮਹਾਜਨ ਨੂੰ ਪੰਜਾਬ ਦੀ ਨਵੀ ਚੀਫ ਸੈਕਟਰੀ ਬਣਾਏ ਜਾਣ ਦੇ ਇੱਕ ਦਿਨ ਪਿੱਛੋਂ ਇਸ ਫੈਸਲੇ ਤੋਂ ਨਾਰਾਜ਼ ਸਾਬਕਾ ਚੀਫ ਸੈਕਟਰੀ ਸਕੱਤਰ ਕਰਣ ਅਵਤਾਰ ਸਿੰਘ ਕੱਲ੍ਹ ਦੋ ਮਹੀਨੇ ਦੀ ਛੁੱਟੀ ਚਲੇ ਗਏ ਹਨ। ਸਾਬਕਾ ਚੀਫ ਸੈਕਟਰੀ ਕਰਣ ਅਵਤਾਰ ਸਿੰਘ 31 ਅਗਸਤ ਨੂੰ ਰਿਟਾਇਰ ਹੋਣ ਵਾਲੇ ਹਨ, ਪਰ ਦੋ ਮਹੀਨੇ ਪਹਿਲਾਂ ਅਹੁਦਾ ਖੁੱਸਣ ਤੋਂ ਦੁਖੀ ਹੋ ਕੇ ਛੁੱਟੀ ਗਏ ਦੱਸੇ ਜਾ ਰਹੇ ਹਨ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨਾਲ ਉਨ੍ਹਾਂ ਦਾ ਤਿੰਨ ਸਾਲ ਦਾ



ਸਮਾਂ ਬੇਦਾਗ ਰਿਹਾ ਸੀ, ਪਰ ਪਿਛਲੇ ਦਿਨੀਂ ਮੰਤਰੀਆਂ ਨਾਲ ਵਿਵਾਦ ਛਿੜ ਜਾਣ ਕਾਰਨ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਕਈ ਮੰਤਰੀ ਜ਼ੋਰ ਲਾ ਰਹੇ ਸਨ। ਕਰਣ ਅਵਤਾਰ ਸਿੰਘ ਨੇ ਵਿਵਾਦ ਖਤਮ ਕਰਨ ਲਈ ਮੁਆਫੀ ਵੀ ਮੰਗੀ ਸੀ ਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਖੁਦ ਮੀਡੀਆ ਕੋਲ ਕਿਹਾ ਸੀ ਕਿ ਕਰਣ ਅਵਤਾਰ ਸਿੰਘ ਨੇ ਵਿਵਾਦ ਖਤਮ ਕਰਨ ਲਈ ਮੁਆਫੀ ਮੰਗ ਹੈ ਅਤੇ ਵਿਵਾਦ ਖਤਮ ਹੋ ਗਿਆ ਹੈ। ਇਸ ਪਿੱਛੋਂ ਮੁੱਖ ਸਕੱਤਰ ਅਤੇ ਮੰਤਰੀਆਂ ਵਿਚਾਲੇ ਵਿਵਾਦ ਖਤਮ ਹੋਇਆ ਸਮਝਿਆ ਜਾਂਦਾ ਸੀ, ਪਰ ਉਸ ਦੇ ਬਾਅਦ ਸਰਕਾਰ ਨੇ ਅਚਾਨਕ ਕਰਣ ਅਵਤਾਰ ਸਿੰਘ ਨੂੰ ਹਟਾ ਕੇ ਰਾਜ ਦੇ ਪੁਲਸ ਮੁਖੀ ਦੀ ਪਤਨੀ ਵਿਨੀ ਮਹਾਜਨ ਨੂੰ ਮੁੱਖ ਸਕੱਤਰ ਲਾ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਇਹ ਗੱਲ ਸਾਫ ਹੋ ਗਈ ਕਿ ਮੰਤਰੀਆਂ ਅਤੇ ਚੀਫ ਸੈਕਟਰੀ ਦਾ ਖਤਮ ਨਹੀਂ ਹੋਇਆ, ਉਸ ਦੇ ਬਾਅਦ; ਵੀ ਚੀਫ ਸੈਕਟਰੀ ਨੂੰ ਹਟਾਉਣ ਲਈ ਲਾਬਿੰਗ ਹੁੰਦੀ ਰਹੀ ਸੀ।

ਇਸ ਗੱਲ ਦੀ ਚਰਚਾ ਹੈ ਕਿ ਜਿਵੇਂ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਨ ਪਿੱਛੋਂ ਅੱਜ ਤੱਕ ਲੋਕਾਂ ਵਿੱਚ ਸੰਦੇਸ਼ ਜਾਂਦਾ ਰਿਹਾ ਹੈ ਕਿ ਅਫਸਰਸ਼ਾਹੀ ਸਰਕਾਰ ਦੇ ਕਾਬੂ ਨਹੀਂ ਆ ਰਹੀ, ਇਸ ਚਰਚਾ ਨੂੰ ਰੋਕਣ ਲਈ ਕਰਣ ਅਵਤਾਰ ਸਿੰਘ ਨੂੰ ਹਟਾ ਕੇ ਚੀਫ ਸੈਕਟਰੀ ਤੋਂ ਨਾਰਾਜ਼ ਮੰਤਰੀਆਂ ਅਤੇ ਵਿਧਾਇਕਾਂ ਨੂੰ ਖੁਸ਼ ਕਰਨ ਦੇ ਨਾਲ ਕਈ ਹੋਰ ਤਰ੍ਹਾਂ ਦਾ ਪ੍ਰਚਾਰ ਵੀ ਰੋਕ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਹਸਤੀ ਵਿਖਾ ਦਿੱਤੀ ਹੈ।

## ਬਰਤਾਨੀਆ ਵਿੱਚ ਸਕਿਪਿੰਗ ਸਿੱਖ ਦਾ ਸਨਮਾਨ

ਲੰਡਨ, 28 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਹੋਈ ਤਾਲਾਬੰਦੀ ਦੌਰਾਨ ਰੱਸੀ ਟੱਪਣ ਵਾਲੇ ਆਪਣੇ ਵੀਡੀਓ ਦੀ ਮਦਦ ਨਾਲ ਬ੍ਰਿਟੇਨ ਦੀ ਨੈਸ਼ਨਲ ਸਿਹਤ ਸੇਵਾ (ਐਨ ਐਚ ਐੱਸ) ਲਈ ਫੰਡ ਇਕੱਠੇ ਕਰਨ ਕਰ ਕੇ ਸੋਸ਼ਲ ਮੀਡੀਆ ਉੱਤੇ ਛਾ ਗਏ 73 ਸਾਲਾ ਸਕਿਪਿੰਗ ਸਿੱਖ (ਰੱਸੀ ਟੱਪਣਾ ਸਿੱਖ) ਰਾਜਿੰਦਰ ਸਿੰਘ ਨੂੰ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਪੁਆਇੰਟਸ ਆਫ ਲਾਈਟ ਆਨਰ ਨਾਲ ਨਿਵਾਜਿਆ ਹੈ। ਪੱਛਮੀ ਲੰਡਨ ਦੇ ਹਰਲਿੰਗਟਨ ਦੇ ਰਜਿੰਦਰ ਸਿੰਘ ਨੇ ਇਸ ਵਰ੍ਹੇ ਦੇ ਸ਼ੁਰੂ ਵਿੱਚ ਆਪਣੇ ਕੁਝ ਵੀਡੀਓ ਸੋਸ਼ਲ ਮੀਡੀਆ 'ਤੇ ਪਾਏ ਸਨ, ਜਿਨ੍ਹਾਂ ਵਿੱਚ ਉਹ ਕਸਰਤ ਕਰਦੇ ਵਿਖਾਈ ਦਿੰਦੇ ਹਨ। ਉਨ੍ਹਾਂ ਦੀ ਵੀਡੀਓ ਨੂੰ ਯੂ ਟਿਊਬ ਉੱਤੇ 2,50,000 ਤੋਂ ਵੱਧ ਲੋਕਾਂ ਨੇ ਵੇਖਿਆ ਸੀ, ਜਿਸ ਨੇ ਲੋਕਾਂ ਨੂੰ ਤਾਲਾਬੰਦੀ 'ਚ ਚੁਸਤ-ਦਰੁਸਤ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਐਨ ਐਚ ਐੱਸ ਨੂੰ ਦਾਨ ਦੇਣ ਦੇ ਲਈ 12,000 ਪੌਂਡ ਤੋਂ ਵੱਧ ਪੈਸੇ ਇਕੱਠੇ ਕਰ ਲਏ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਇਸ ਹਫਤੇ ਰਜਿੰਦਰ ਸਿੰਘ ਨੂੰ ਭੇਜੇ ਨਿੱਜੀ ਪੱਤਰ 'ਚ ਲਿਖਿਆ, "ਤੁਹਾਡੇ ਸਕਿਪਿੰਗ ਸਿੱਖ ਫਿਟਨੈਸ ਵੀਡੀਓ ਨੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਪ੍ਰੇਰਿਤ ਕੀਤਾ, ਜਿਨ੍ਹਾਂ ਇਹ ਵੀਡੀਓ ਆਨਲਾਈਨ ਵੇਖੇ ਅਤੇ ਤੁਹਾਡੇ ਨਾਲ ਰੋਜ਼ ਕਸਰਤ ਕੀਤੀ। ਤੁਸੀਂ ਗੁਰਦੁਆਰੇ ਬੰਦ ਹੋਣ ਦੌਰਾਨ ਵੀ ਸਿੱਖ ਸਮਾਜ ਨੂੰ ਇਕੱਠਾ ਕਰਨ ਤੇ ਉਨ੍ਹਾਂ ਵਿੱਚ ਊਰਜਾ ਸੰਚਾਰ ਕਰਨ ਲਈ ਬਿਹਤਰੀਨ ਤਰੀਕਾ ਲੱਭਿਆ।" ਪ੍ਰਧਾਨ ਮੰਤਰੀ 'ਪੁਆਇੰਟ ਆਫ ਲਾਈਟ ਪੁਰਸਕਾਰ' ਹਰ ਹਫਤੇ ਦੇ ਅੰਤ 'ਚ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜੋ ਆਪਣੇ ਸਮਾਜ 'ਚ ਤਬਦੀਲੀ ਲਿਆ ਰਹੇ ਹਨ ਤੇ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ।

## ਤਹੱਵੁਰ ਰਾਣਾ ਦੀ ਭਾਰਤ ਨੂੰ ਹਵਾਲਗੀ ਵਿੱਚ ਮੁਸ਼ਕਲ ਨਹੀਂ



ਵਾਸ਼ਿੰਗਟਨ, 28 ਜੂਨ (ਪੋਸਟ ਬਿਊਰੋ)- ਸਾਲ 2008 ਵਿੱਚ ਮੁੰਬਈ ਵਿੱਚ ਹੋਏ ਦਹਿਸ਼ਗਰਦ ਹਮਲਿਆਂ ਦੇ ਦੋਸ਼ੀ ਡੇਵਿਡ ਕੋਲਮੈਨ ਹੈਡਲੀ ਨੂੰ ਭਾਰਤ ਹਵਾਲੇ ਨਹੀਂ ਕੀਤਾ ਜਾ ਸਕਦਾ, ਪਰ ਉਸ ਦੇ ਸਾਥੀ ਦੋਸ਼ੀ ਤਹੱਵੁਰ ਰਾਣਾ ਦੀ ਭਾਰਤ ਨੂੰ ਹਵਾਲਗੀ ਵਿੱਚ ਕੋਈ ਦਿੱਕਤ ਨਹੀਂ। ਇੱਕ ਅਮਰੀਕੀ ਵਕੀਲ ਨੇ ਪਾਕਿਸਤਾਨੀ ਮੂਲ ਦੇ ਕੈਨੇਡੀਆਈ ਦੀ ਕਾਰੋਬਾਰੀ ਰਾਣਾ ਦੀ ਜ਼ਮਾਨਤ ਦਾ ਵਿਰੋਧ ਕਰਦੇ ਹੋਏ ਫੈਡਰਲ ਅਦਾਲਤ ਵਿੱਚ ਇਹ ਗੱਲ ਕਹੀ ਹੈ।

ਡੇਵਿਡ ਕੋਲਮੈਨ ਹੈਡਲੀ ਨੇ ਬਚਪਨ ਦੇ ਦੋਸਤ 59 ਸਾਲਾ ਤਹੱਵੁਰ ਰਾਣਾ ਨੂੰ ਭਾਰਤ ਸਰਕਾਰ ਦੀ ਅਪੀਲ ਉੱਤੇ 10 ਜੂਨ ਨੂੰ ਲਾਸ ਏਂਜਲਸ ਵਿੱਚ ਦੋਬਾਰਾ ਗ੍ਰਿਫਤਾਰ ਕੀਤਾ ਗਿਆ ਸੀ। ਭਾਰਤ ਨੇ ਮੁੰਬਈ ਦੇ ਹਮਲਿਆਂ ਵਿੱਚ ਰਾਣਾ ਦੀ ਸ਼ਮੂਲੀਅਤ ਲਈ ਉਸ ਨੂੰ ਭਾਰਤ ਹਵਾਲੇ ਕਰਨ ਦੀ ਅਪੀਲ ਕੀਤੀ ਸੀ। ਭਾਰਤ ਵਿੱਚ ਰਾਣਾ ਭਗੌੜਾ ਐਲਾਨਿਆ ਹੈ। ਫੈਡਰਲ ਵਕੀਲਾਂ ਦੇ ਮੁਤਾਬਕ 2006 ਤੋਂ ਨਵੰਬਰ 2008 ਤੱਕ ਤਹੱਵੁਰ ਰਾਣਾ ਨੇ ਦਾਊਦ ਗਿਲਾਨੀ ਦੇ ਨਾਂਅ ਨਾਲ ਜਾਣੇ ਜਾਂਦੇ ਹੈਡਲੀ ਤੇ ਪਾਕਿਸਤਾਨ 'ਚ ਕੁਝ ਹੋਰਨਾਂ ਨਾਲ ਮਿਲ ਕੇ ਲਸ਼ਕਰ ਏ ਤੋਇਬਾ ਅਤੇ ਹਰਕਤ ਉਲ ਜਿਹਾਦ ਏ ਇਸਲਾਮੀ ਨੂੰ ਮੁੰਬਈ 'ਚ ਅੱਤਵਾਦੀ ਹਮਲੇ ਕਰਨ ਵਿੱਚ ਮਦਦ ਕੀਤੀ। ਪਾਕਿਸਤਾਨੀ ਮੂਲ ਦਾ ਅਮਰੀਕੀ ਨਾਗਰਿਕ ਡੇਵਿਡ ਕੋਲਮੈਨ ਹੈਡਲੀ ਅਸਲ ਵਿੱਚ ਲਸ਼ਕਰ ਦਾ ਅੱਤਵਾਦੀ ਹੈ। ਉਹ 2008 ਦੇ ਮੁੰਬਈ ਕੇਸ ਦਾ ਸਰਕਾਰੀ ਗਵਾਹ ਬਣ ਗਿਆ ਹੈ ਅਤੇ ਇਸ ਹਮਲੇ ਦੇ ਦੋਸ਼ ਵਿੱਚ ਅਮਰੀਕਾ ਵਿੱਚ 35 ਸਾਲ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ। ਅਮਰੀਕਾ ਨੇ ਰਾਣਾ ਦੀ ਹਵਾਲਗੀ ਦੀ ਭਾਰਤ ਦੀ ਅਪੀਲ ਹਾਲੇ ਦਰਜ ਨਹੀਂ ਕੀਤੀ ਅਤੇ ਮੰਨਿਆ ਜਾਂਦਾ ਹੈ ਕਿ ਉਹ ਛੇਤੀ ਹੀ ਇਹ ਕੰਮ ਕਰ ਸਕਦਾ ਹੈ। ਸਾਫ ਹੈ ਕਿ ਇਲੀਨੋਇਸ ਦੀ ਅਦਾਲਤ 'ਚ ਰਾਣਾ 'ਤੇ ਜਿਨ੍ਹਾਂ ਦੋਸ਼ਾਂ ਉੱਤੇ ਕੇਸ ਚਲਾਇਆ ਗਿਆ ਸੀ, ਉਹ ਦੋਸ਼ ਤੇ ਭਾਰਤ ਦੀ ਸ਼ਿਕਾਇਤ ਵਾਲੇ ਦੋਸ਼ ਵੱਖ ਹੋਣਗੇ। ਰਾਣਾ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਹੈਡਲੀ ਦੀ ਹਵਾਲਗੀ ਨਾ ਕਰਨ ਦਾ ਅਮਰੀਕਾ ਦਾ ਫੈਸਲਾ ਉਸ ਦੀ ਹਵਾਲਗੀ ਨੂੰ ਵੀ ਰੋਕ ਸਕਦਾ ਹੈ।

ਸਹਾਇਕ ਅਮਰੀਕੀ ਅਟਾਰਨੀ ਜੌਨ ਜੇ ਲੁਲੇਜਿਆਨ ਨੇ ਲਾਸ ਏਂਜਲਸ ਦੀ ਫੈਡਰਲ ਅਦਾਲਤ 'ਚ ਸ਼ੁੱਕਰਵਾਰ ਕਿਹਾ ਕਿ ਰਾਣਾ ਦੇ ਉਲਟ ਹੈਡਲੀ ਨੇ ਹਮਲਿਆਂ 'ਚ ਆਪਣਾ ਗੁਨਾਹ ਸਵੀਕਾਰ ਕਰ ਲਿਆ ਸੀ ਅਤੇ ਸਾਰੇ ਦੋਸ਼ ਮੰਨ ਲਏ ਸਨ, ਇਸ ਲਈ ਉਸ ਦੀ ਭਾਰਤ ਹਵਾਲਗੀ ਨਹੀਂ ਕੀਤੀ ਜਾ ਸਕਦੀ। ਰਾਣਾ ਨੇ ਦੋਸ਼ ਨਹੀਂ ਮੰਨੇ, ਇਸ ਲਈ ਉਸ ਨੂੰ ਉਹ ਲਾਭ ਨਹੀਂ ਮਿਲ ਸਕਦੇ ਜਿਹੜੇ ਹੈਡਲੀ ਨੂੰ ਦਿੱਤੇ ਗਏ ਹਨ।

## ਮੈਕਸੀਕੋ ਦੇ ਦੋ ਰਾਜਾਂ ਵਿੱਚ ਢੇਰ ਵਿੱਚ ਪਈਆਂ ਤੀਹ ਲਾਸ਼ਾਂ ਮਿਲੀਆਂ, ਪੁਲਸ ਨੂੰ ਗੈਂਗ-ਵਾਰ ਦਾ ਸ਼ੱਕ



ਮੈਕਸੀਕੋ ਸਿਟੀ, 28 ਜੂਨ (ਪੋਸਟ ਬਿਊਰੋ)- ਮੈਕਸੀਕੋ ਵਿੱਚ ਸੰਗਠਿਤ ਅਪਰਾਧ ਦਾ ਅਤਿਆਚਾਰੀ ਰੂਪ ਦੇਖਣ ਨੂੰ ਮਿਲਿਆ ਹੈ, ਜਿੱਥੇ ਪੁਲਸ ਨੂੰ ਦੋ ਰਾਜਾਂ ਵਿੱਚ ਤੀਹ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ।

ਪੁਲਸ ਨੇ ਦੱਸਿਆ ਕਿ ਜਾਕਾਟੇਕਸ ਦੇ ਫ੍ਰੈਸਨਿਲੋ ਸ਼ਹਿਰ ਵਿੱਚ 14 ਲੋਕਾਂ ਦੀਆਂ ਲਾਸ਼ਾਂ ਸੜਕ ਕੰਢੇ ਮਿਲੀਆਂ ਸਨ। ਇਸ ਦੌਰਾਨ 24 ਬੰਦੂਕਧਾਰੀਆਂ ਨੇ ਮੈਕਸੀਕੋ ਸਿਟੀ ਦੇ ਪੁਲਸ ਮੁਖੀ ਉਮਰ ਗਾਰਸੀਆ ਹਰਫੁਚ ਉੱਤੇ .50 ਕੈਲੀਬਰ ਦੀਆਂ ਸਨਾਈਪਰ ਰਾਈਫਲਾਂ ਅਤੇ ਗ੍ਰੇਨੇਡਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਹਰਫੁਚ ਜ਼ਖਮੀ ਹੋ ਗਏ। ਇਸ ਦੌਰਾਨ ਉਨ੍ਹਾਂ ਦੇ ਦੋ ਸੁਰੱਖਿਆ ਕਰਮਚਾਰੀ ਅਤੇ ਕੋਲੋਂ ਲੰਘਦੀ ਇੱਕ ਔਰਤ ਦੀ ਮੌਤ ਹੋ ਗਈ। ਪੁਲਸ ਦੀ ਰਾਏ ਹੈ ਕਿ ਸ਼ਾਇਦ ਇਹ ਗੈਂਗਵਾਰ ਹੋਵੇਗੀ। ਜਾਕਾਟੇਕਸ ਪੁਲਸ ਨੇ ਸੜਕ ਕੰਢੇ ਪਈਆਂ ਲਾਸ਼ਾਂ ਬਾਰੇ ਸਾਰੀ ਜਾਣਕਾਰੀ ਨਹੀਂ ਦਿੱਤੀ, ਪਰ ਸੀਵਰਾਂ ਵਿੱਚ ਦਿਖਾਈ ਦੇ ਰਿਹਾ ਹੈ ਕਿ ਲਾਸ਼ਾਂ ਨੂੰ ਕੰਬਲਾਂ ਵਿੱਚ ਲਪੇਟ ਕੇ ਅਤੇ ਟੇਪ ਨਾਲ ਬੰਨ੍ਹ ਕੇ ਸੁੱਟਿਆ ਗਿਆ ਹੈ। ਇਸ ਤੋਂ ਪਹਿਲਾਂ ਪੁਲਸ ਨੇ ਦੱਸਿਆ ਕਿ ਉਸ ਨੂੰ ਸਿਨਾਲੋਆ ਸੂਬੇ ਦੇ ਕੁਲੀਆਕਾਨ ਸ਼ਹਿਰ 'ਚ ਇੱਕ ਪੇਂਡੂ ਖੇਤਰ ਦੇ ਨੇੜੇ ਇੱਕ ਛੋਟੇ ਟਰੱਕ ਵਿੱਚ ਫੌਜੀ ਵਰਦੀ ਵਾਲੀਆਂ ਸੱਤ ਲਾਸ਼ਾਂ ਮਿਲੀਆਂ। ਇਨ੍ਹਾਂ ਨੇੜਲੇ ਖੇਤਰ ਵਿੱਚ ਵੀ ਪੁਲਸ ਨੂੰ ਨੌਂ ਲਾਸ਼ਾਂ ਮਿਲੀਆਂ, ਜਿਨ੍ਹਾਂ 'ਚੋਂ ਘੱਟੋਂ ਘੱਟ ਇੱਕ ਲਾਸ਼ ਕੋਲ ਰਾਈਫਲ ਹੈ। ਪੁਲਸ ਮੁਖੀ ਕ੍ਰਿਟੋਬਲ ਕਾਸਟਾਨੇਡਾ ਨੇ ਕਿਹਾ ਕਿ ਇਹ ਇਲਾਕੇ ਵਿੱਚ ਦੋ ਸੰਗਠਿਤ ਗਰੁੱਪਾਂ ਵਿਚਾਲੇ ਹੋਏ ਸੰਘਰਸ਼ ਦਾ ਮਾਮਲਾ ਹੈ।

## ਚੀਨੀ ਰਾਜਦੂਤ ਤੇ ਡਿਪਲੋਮੈਟ ਨੇ ਅਮਰੀਕਾ ਵਿੱਚ ਗੁਪਤ ਤਰੀਕੇ ਨਾਲ ਵਿਗਿਆਨੀਆਂ ਦੀ ਭਰਤੀ ਕੀਤੀ



ਵਾਸ਼ਿੰਗਟਨ, 28 ਜੂਨ (ਪੋਸਟ ਬਿਊਰੋ)- ਵਾਸ਼ਿੰਗਟਨ 'ਚ ਚੀਨ ਦੇ ਰਾਜਦੂਤ ਅਤੇ ਨਿਊਯਾਰਕ ਸ਼ਹਿਰ 'ਚ ਇੱਕ ਚੀਨੀ ਡਿਪਲੋਮੈਟ ਨੇ ਅਮਰੀਕਾ 'ਚ ਗੁਪਤ ਰੂਪ ਨਾਲ ਵਿਗਿਆਨੀਆਂ ਦੀ ਭਰਤੀ ਕੀਤੀ ਹੈ। ਇਹ ਖੁਲਾਸਾ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਨੇ ਕੀਤਾ ਹੈ।

ਐਫ ਬੀ ਆਈ ਨੇ ਪਿਛਲੇ ਸਾਲ ਫੈਡਰਲ ਅਦਾਲਤ 'ਚ ਇੱਕ ਐਫੀਡੇਵਿਟ ਦਾਇਰ ਕੀਤਾ ਸੀ, ਜਿਸ ਨੂੰ ਅਪ੍ਰੈਲ ਵਿੱਚ ਅਣਸੁਣਿਆ ਕਰ ਦਿੱਤਾ ਗਿਆ ਸੀ। ਇਸ ਵਿੱਚ ਚੀਨ ਦੀਆਂ ਜਾਸੂਸੀ ਸਮਰੱਥਾਵਾਂ ਦੀ ਚਿਤਾਵਨੀ ਦਿੱਤੀ ਗਈ ਸੀ। ਐਫੀਡੇਵਿਟ ਦੀ ਰਿਪੋਰਟ ਸਭ ਤੋਂ ਪਹਿਲਾਂ ਡੇਲੀ ਬੀਸਟ ਨੇ ਕੱਲ੍ਹ ਦਿੱਤੀ ਸੀ। ਐਫ ਬੀ ਆਈ ਦੇ ਇੱਕ ਵਿਸ਼ੇਸ਼ ਏਜੰਟ ਨੇ ਐਫੀਡੇਵਿਟ ਵਿੱਚ ਲਿਖਿਆ ਸੀ ਕਿ ਬਿਊਰੋ ਕਨੈਕਟੀਕਟ 'ਚ ਇੱਕ ਵਿਗਿਆਨੀ ਦੇ ਬਾਰੇ ਜਾਂਚ ਕਰ ਰਿਹਾ ਸੀ, ਜਿਸ ਵਿੱਚ ਪਾਇਆ ਗਿਆ ਕਿ ਉਹ ਅਮਰੀਕਾ 'ਚ ਸਰਕਾਰ ਵੱਲੋਂ ਕੰਟਰੋਲ ਅਤੇ ਨਿਰਦੇਸ਼ਿਤ ਸੰਸਥਾਵਾਂ ਵੱਲੋਂ ਕੰਮ ਕਰ ਰਿਹਾ ਸੀ। ਉਸ ਦਾ ਉਦੇਸ਼ ਖੋਜੀ ਵਿਗਿਆਨੀਆਂ ਦੀ ਸਟੇਟ-ਕੰਟਰੋਲ ਯੂਨੀਵਰਸਿਟੀਜ਼ ਅਤੇ ਪ੍ਰਯੋਗਸ਼ਾਲਾਵਾਂ 'ਚ ਭਰਤੀ ਕਰਨਾ ਸੀ। ਐਫ ਬੀ ਆਈ ਨੇ ਤਰਕ ਦਿੱਤਾ ਕਿ ਵਿਗਿਆਨੀ ਦਾ ਨਾਂ ਅਦਲਾਤ ਦੇ ਦਸਤਾਵੇਜ਼ਾਂ 'ਚ ਬਦਲ ਦਿੱਤਾ ਗਿਆ ਸੀ। ਨਵੰਬਰ 2009 'ਚ ਉਹ ਅਮਰੀਕਾ ਨਾਗਰਿਕ ਬਣ ਗਿਆ ਅਤੇ ਅਮਰੀਕਾ 'ਚ ਸਾਲਾਂ ਤੱਕ ਖੋਜ ਕਰਦਾ ਰਿਹਾ। ਅਦਾਲਤ ਦੇ ਦਸਤਾਵੇਜ਼ਾਂ 'ਚ ਵਿਗਿਆਨੀ ਦਾ ਨਾਂ ਨਹੀਂ ਦੱਸਿਆ ਗਿਆ। ਇਸ ਬਾਰੇ ਨਿਆਂ ਵਿਭਾਗ ਨੇ ਫਿਰ ਦਸਤਾਵੇਜ਼ ਜਾਰੀ ਕਰ ਕੇ ਦੱਸਿਆ ਕਿ ਅਜਿਹਾ ਇਸ ਲਈ ਕੀਤਾ ਗਿਆ ਕਿ ਵਿਅਕਤੀ ਦੇ ਖ਼ਿਲਾਫ਼ ਅਣ-ਰਜਿਸਟਰਡ ਏਜੰਟ ਦੇ ਰੂਪ 'ਚ ਕੰਮ ਕਰਨ ਦਾ ਸ਼ੱਕ ਸੀ, ਪਰ ਉਸ ਉਪਰ ਦੋਸ਼ ਨਹੀਂ ਲਾਇਆ ਗਿਆ ਸੀ। ਮੰਨਿ-ਆ ਜਾ ਰਿਹਾ ਹੈ ਕਿ ਵਿਗਿਆਨੀ ਅੱਜਕੱਲ੍ਹ ਚੀਨ 'ਚ ਸਦਰਨ ਮੈਡੀਕਲ ਯੂਨੀਵਰਸਿਟੀ 'ਚ ਕੰਮ ਕਰਦਾ ਹੈ। ਐਫ ਬੀ ਆਈ ਨੇ ਇਹ ਵੀ ਦੱਸਿਆ ਕਿ ਚੀਨੀ ਰਾਜਦੂਤ ਅਤੇ ਡਿਪਲੋਮੈਂਟ ਬੋਸਟਨ 'ਚ ਚੀਨੀ ਅਧਿਕਾਰੀਆਂ ਨਾਲ ਇੱਕ ਵਿਗਿਆਨ ਸਿਖਰ ਸੰਮੇਲਨ 'ਚ ਭਾਗ ਲੈਣਗੇ ਜਿਸ ਵਿੱਚ ਹੋਰ ਵਿਗਿਆਨੀਆਂ ਦੀ ਭਰਤੀ ਕਰਨ ਬਾਰੇ ਰਣਨੀਤੀ ਬਣੇਗੀ।

ਨਿਆਂ ਵਿਭਾਗ ਨੇ ਜਾਸੂਸ ਦੇ ਖ਼ਤਰੇ ਦਾ ਮੁਕਾਬਲਾ ਕਰਨ ਲਈ 2018 'ਚ ਇੱਕ ਮੁਹਿੰਮ ਚਲਾਈ ਅਤੇ ਕਈ ਵਿਗਿਆਨੀਆਂ ਨੂੰ ਅਮਰੀਕਾ 'ਚ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਹਜ਼ਾਰਾਂ ਟੈਲੈਂਟ ਪ੍ਰੋਗਰਾਮ 'ਚ ਭਾਗ ਲਿਆ ਹੈ। ਨੈਸ਼ਨਲ ਇੰਸਟੀਚਿਊਟ ਆਫ ਹੈਲਥ ਨੇ ਇਸ ਮਹੀਨੇ ਦੇ ਸ਼ੁਰੂ 'ਚ ਕਿਹਾ ਸੀ ਕਿ ਘੱਟੋ ਘੱਟ 54 ਵਿਗਿਆਨੀ ਵਿਦੇਸ਼ੀ ਸਰਕਾਰਾਂ ਨੂੰ ਆਪਣੇ ਵਿੱਤੀ ਸਬੰਧਾਂ ਦਾ ਖੁਲਾਸਾ ਕਰਨ 'ਚ ਅਸਫਲ ਰਹੇ ਜਿਸ ਕਾਰਨ ਉਹ ਆਪਣੀ ਨੌਕਰੀ ਗੁਆ ਬੈਠੇ। ਜਾਂਚ ਵਿੱਚ ਪਤਾ ਲੱਗਾ ਕਿ ਜਾਸੂਸੀ ਦੇ ਕੰਮ ਲਈ 93 ਫੀਸਦੀ ਵਿਗਿਆਨੀਆਂ ਨੂੰ ਇੱਕ ਚੀਨੀ ਸੰਸਥਾਨ ਤੋਂ ਵਿੱਤੀ ਮਦਦ ਮਿਲ ਰਹੀ ਸੀ।

ਐਫ ਬੀ ਆਈ ਦੇ ਡਾਇਰੈਕਟਰ ਕ੍ਰਿਸਟੋਫਰ ਰੇ ਨੇ ਦੱਸਿਆ ਹੈ ਕਿ ਬਿਊਰੋ ਚੀਨ ਦੀ ਕਮਿਊਨਿਟ ਪਾਰਟੀ ਨਾਲ ਖ਼ਿਲਾਫ਼, 2,000 ਤੋਂ ਜ਼ਿਆਦਾ ਸਰਗਰਮ ਜਾਂਚਾਂ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚੀਨ ਅਮਰੀਕੀ ਅਰਥਵਿਵਸਥਾ ਅਤੇ ਉਸ ਦੇ ਲੋਕਤਾਂਤਰਿਕ ਸਿਧਾਂਤਾਂ ਲਈ ਸਭ ਤੋਂ ਵੱਡਾ ਖਤਰਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬਿਊਰੋ ਇੱਕ ਨਵੀਂ ਪ੍ਰਤੀਵਾਦ ਜਾਂਚ ਖੋਲ੍ਹ ਰਿਹਾ ਹੈ ਜੋ ਹਰ 10 ਘੰਟੇ 'ਚ ਚੀਨ ਨਾਲ ਵਾਪਸ ਜੁੜਦੀ ਹੈ। ਉਨ੍ਹਾਂ ਕਿਹਾ ਕਿ ਚੀਨੀ ਸਰਕਾਰ ਬੌਧਿਕ ਸੰਪਤੀ ਦੀ ਚੋਰੀ, ਆਰਥਿਕ ਜਾਸੂਸੀ ਅਤੇ ਸਾਈਬਰ ਘੁਸਪੈਠ ਦੀ ਇੱਕ ਮੁਹਿੰਮ ਚਲਾ ਰਹੀ ਹੈ। ਚੀਨ ਪੂਰੇ ਦੇਸ਼ ਵਿੱਚ ਕਾਰੋਬਾਰਾਂ ਅਤੇ ਵੱਡੇ-ਵੱਡੇ ਅਕਾਦਮਿਕ ਸੰਸਥਾਨਾਂ ਅਤੇ ਅਕਾਦਮਿਕ ਖੋਜ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇੱਕ ਸੀਨੀਅਰ ਖੁਫੀਆ ਅਧਿਕਾਰੀ ਨੇ ਪਿਛਲੇ ਮਹੀਨੇ ਦੱਸਿਆ ਸੀ ਕਿ ਅਮਰੀਕੀ ਖੁਫੀਆ ਭਾਈਚਾਰੇ ਦੀ 17 ਜਾਸੂਸੀ ਏਜੰਸੀਆਂ 'ਚੋਂ ਜ਼ਿਆਦਾਤਰ ਦਾ ਮੰਨਣਾ ਹੈ ਕਿ ਕੋਰੋਨਾ ਵਾਇਰਸ ਦੀ ਦੇਣ ਚੀਨੀ ਦੀ ਬਾਇਓ ਲੈਬ ਹੀ ਸੀ।


NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।



FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।



SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

# ਫਿਲਮੀ ਦੁਨੀਆ



## ਸੁਪਰ ਹੀਰੋ ਫਿਲਮ ਨਾਲ ਡਿਜੀਟਲ ਡੈਬਿਊ ਕਰੇਗੀ ਕੈਟਰੀਨਾ

ਕਈ ਵੱਡੇ ਕਲਾਕਾਰਾਂ ਦੇ ਬਾਅਦ ਓ ਟੀ ਟੀ ਪਲੇਟਫਾਰਮ 'ਤੇ ਕੈਟਰੀਨਾ ਕੈਫ ਵੀ ਡੈਬਿਊ ਕਰਨ ਲੱਗੀ ਹੈ। ਅਲੀ ਅੱਬਾਸ ਜ਼ਫਰ ਦੇ ਨਿਰਦੇਸ਼ਨ ਵਿੱਚ ਉਸ ਦੇ ਸੁਪਰ ਹੀਰੋ ਯੂਨੀਵਰਸ ਦੀ ਪਹਿਲੀ ਫਿਲਮ ਵਿੱਚ ਕੈਟਰੀਨਾ ਸੁਪਰ ਹੀਰੋ ਦੇ ਰੋਲ ਵਿੱਚ ਨਜ਼ਰ ਆਏਗੀ। ਇਹ ਸੀਰੀਜ਼ ਓ ਟੀ ਟੀ ਉੱਤੇ ਰਿਲੀਜ਼ ਹੋਵੇਗੀ।
ਇਸ ਬਾਰੇ ਅਲੀ ਨੇ ਦੱਸਿਆ ਕਿ ਅਸੀਂ ਇਸ ਸੀਰੀਜ਼ ਨੂੰ ਥੀਏਟਰ ਲਈ ਨਹੀਂ, ਬਲਕਿ ਡਿਜੀਟਲ ਮੀਡੀਅਮ ਦੇ ਲਈ ਬਣਾਇਆ ਹੈ। ਇਸ ਦੇ ਲਈ ਸਾਡੀ ਨੈਟਫਲਿਕਸ ਨਾਲ ਇੱਕ ਡੀਲ ਹੋਈ ਹੈ। ਸੂਤਰਾਂ ਮੁਤਾਬਕ ਕੈਟਰੀਨਾ ਦਾ ਡ੍ਰੀਮ ਪ੍ਰੋਜੈਕਟ ਹੈ ਜਿਸ ਲਈ ਉਹ ਬੜੀ ਖੁਸ਼ ਤੇ ਐਕਸਾਈਟਿਡ ਹੈ। ਅਲੀ ਦੀ ਇਸ ਸੀਰੀਜ਼ ਦੀ ਇਸ ਪਹਿਲੀ ਫਿਲਮ ਵਿੱਚ ਕੈਟਰੀਨਾ, ਦੂਸਰੀ ਵਿੱਚ ਮਿਸਟਰ ਇੰਡੀਆ, ਤੀਸਰੀ ਵਿੱਚ ਇੱਕ ਇੰਡੀਅਨ ਮਾਇਥੋਲਾਜੀ ਕਰੈਕਟਰ ਅਤੇ ਚੌਥੀ ਵਿੱਚ ਇੱਕ ਆਰਮੀ ਅਫਸਰ ਨੂੰ ਸੁਪਰ ਹੀਰੋ ਦੇ ਰੋਲ ਵਿੱਚ ਦਿਖਾਇਆ ਜਾਏਗਾ।

## ਪੂਰੀ ਹੋ ਚੁੱਕੀ ਹੈ 'ਰੂਹੀ ਅਫਜਾਨਾ' ਦੀ ਸ਼ੂਟਿੰਗ : ਵਰੁਣ ਸ਼ਰਮਾ



'ਪਰੀ', 'ਯਾਰਾ ਸਿਲੀ ਸਿਲੀ' ਅਤੇ 'ਟ੍ਰੈਫਿਕ' ਆਦਿ ਫਿਲਮਾਂ ਦੇ ਅਭਿਨੇਤਾ ਪਰਮਬ੍ਰਤ ਚੈਟਰਜੀ ਅਨੁਸ਼ਕਾ ਸ਼ਰਮਾ ਦੇ ਪ੍ਰੋਡਕਸ਼ਨ ਵਿੱਚ ਬਣੀ ਵੈੱਬ ਫਿਲਮ 'ਬੁਲਬੁਲ' ਵਿੱਚ ਮਹੱਤਵ ਪੂਰਨ ਭੂਮਿਕਾ ਵਿੱਚ ਹਨ। ਪਰਮਬ੍ਰਤ ਦਾ ਕਹਿਣਾ ਹੈ ਕਿ ਮਨੋਰੰਜਨ ਸਮੇਤ ਸਾਰੇ ਖੇਤਰਾਂ ਵਿੱਚ ਜਿੰਨੇ ਜ਼ਿਆਦਾ ਰਸਤੇ ਖੁੱਲ੍ਹਣਗੇ, ਕੰਮ ਕਰਨ ਵਾਲੇ ਲੋਕਾਂ ਦੇ ਲਈ ਕੰਮ ਮਿਲਣਾ ਓਨਾ ਆਸਾਨ ਹੋ ਜਾਏਗਾ। ਪੂਰੀ ਦੁਨੀਆ ਵਿੱਚ ਡਿਜੀਟਲ ਪਲੇਟਫਾਰਮ ਦਾ ਬਹੁਤ ਤੇਜ਼ੀ ਨਾਲ ਪਸਾਰ ਹੋਇਆ ਹੈ। ਇਸ ਨਾਲ ਕਲਾਕਾਰਾਂ ਵਿੱਚ ਨਵੀਂ ਊਰਜਾ ਦਾ ਸੰਚਾਰ ਹੋਇਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਸਿਨੇਮਾ, ਟੈਲੀਵਿਜ਼ਨ ਅਤੇ ਡਿਜੀਟਲ ਪਲੇਟਫਾਰਮ ਵਿੱਚ ਮੁਕਾਬਲੇਬਾਜ਼ੀ ਦੇ ਬਜਾਏ ਸਾਰੇ ਪਲੇਟਫਾਰਮ ਮਿਲ ਕੇ ਇੱਕ ਦੂਸਰੇ ਦੇ ਵਿਕਾਸ ਵਿੱਚ ਸਹਿਯੋਗ ਕਰਨਗੇ। ਇਸ ਨਾਲ ਦਰਸ਼ਕਾਂ ਨਵੇਂ ਅਤੇ ਹੋਰ ਚੰਗੇ ਕੰਟੈਂਟ ਮਿਲਣਗੇ। ਕਲਾਕਾਰਾਂ ਨੂੰ ਖੂਬ ਕੰਮ ਮਿਲੇਗਾ।
ਪਰਮਬ੍ਰਤ ਨੇ ਦੱਸਿਆ ਕਿ ਲਾਕਡਾਊਨ ਦੇ ਦੌਰਾਨ ਉਨ੍ਹਾਂ ਨੇ ਸੰਗੀਤ ਵਿੱਚ ਦੋਬਾਰਾ ਤੋਂ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰ ਵਿੱਚ ਆਤਮ ਚਿੰਤਨ ਦੇ ਬਾਅਦ ਉਨ੍ਹਾਂ ਨੇ ਆਪਣੀ ਮਾਨਸਿਕ ਸਥਿਤੀ ਅਤੇ ਸ਼ਾਂਤੀ ਦੇ ਮਹੱਤਵ ਨੂੰ ਸਮਝਿਆ ਹੈ। 'ਬੁਲਬੁਲ' 24 ਜੂਨ ਨੂੰ ਨੈਟਫਲਿਕਸ 'ਤੇ ਰਿਲੀਜ਼ ਹੋਵੇਗੀ।

## ਪੂਰੀ ਹੋ ਚੁੱਕੀ ਹੈ 'ਰੂਹੀ ਅਫਜਾਨਾ' ਦੀ ਸ਼ੂਟਿੰਗ : ਵਰੁਣ ਸ਼ਰਮਾ



ਲਾਕਡਾਊਨ ਦੌਰਾਨ ਥੀਏਟਰਾਂ ਦੇ ਬੰਦ ਹੋਣ ਨਾਲ ਦਰਸ਼ਕਾਂ ਦਾ ਰੁਝਾਨ ਡਿਜੀਟਲ ਪਲੇਟਫਾਰਮ ਵੱਲ ਵਧਿਆ ਹੈ। ਥੀਏਟਰ ਖੁੱਲ੍ਹਣ ਬੇਯਕੀਨੀ ਨੂੰ ਦੇਖ ਕੇ ਕੁਝ ਨਿਰਮਾਤਾ ਆਪਣੀਆਂ ਫਿਲਮਾਂ ਸਿੱਧੇ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰ ਰਹੇ ਹਨ। 'ਛਿਛੋਰੇ' ਅਤੇ 'ਫੁਕਰੇ' ਆਦਿ ਫਿਲਮਾਂ ਵਿੱਚ ਆਪਣੀ ਕਾਮੇਡੀ ਨਾਲ ਸਾਰਿਆਂ ਨੂੰ ਹਸਾਉਣ ਵਾਲੇ ਵਰੁਣ ਸ਼ਰਮਾ ਦਾ ਮੰਨਣਾ ਹੈ ਕਿ ਦਰਸ਼ਕਾਂ ਦੀ ਦਿਲਚਸਪੀ ਵਿੱਚ ਇਹ ਬਦਲਾਅ ਸਥਾਈ ਨਹੀਂ। ਆਪਣੀ ਮਾਂ ਦੀ ਮਿਸਾਲ ਦਿੰਦੇ ਹੋਏ ਉਹ ਕਹਿੰਦੇ ਹਨ ਕਿ ਉਹ ਖੁਦ ਡਿਜੀਟਲ ਕੰਟੈਂਟ ਅਤੇ ਨਿਰਧਾਰਤ ਸਮੇਂ 'ਤੇ ਆਉਣ ਵਾਲੇ ਟੀ ਵੀ ਸੀਰੀਅਲ ਦੇਖਣਾ ਪਸੰਦ ਕਰਦੀ ਹੈ। ਅੱਜਕੱਲ੍ਹ ਟੀ ਵੀ 'ਤੇ ਉਨ੍ਹਾਂ ਦੀ ਮਾਂ ਦੇ ਪਸੰਦ ਵਾਲੇ ਪ੍ਰੋਗਰਾਮ ਨਹੀਂ ਆ ਰਹੇ, ਫਿਰ ਵੀ ਉਹ ਟੀ ਵੀ ਦੇਖਦੀ ਹੈ। ਉਨ੍ਹਾਂ ਵਾਂਗ ਟੀ ਵੀ ਦੇ ਰੋਜ਼ਾਨਾ ਵਾਲੇ ਦਰਸ਼ਕਾਂ ਦੀ ਦਿਲਚਸਪੀ ਟੀ ਵੀ ਵਿੱਚ ਬਣੀ ਰਹੇਗੀ। ਟੀ ਵੀ ਛੱਡ ਕੇ ਡਿਜੀਟਲ ਦਾ ਰੁਖ਼ ਕਰਨ ਵਾਲੇ ਕੁਝ ਲੋਕਾਂ ਦੀਆਂ ਆਦਤਾਂ ਵਿੱਚ ਬਦਲਾਅ ਸੰਭਵ ਹੈ। ਜਿਨ੍ਹਾਂ ਲੋਕਾਂ ਨੂੰ ਥੀਏਟਰ ਵਿੱਚ ਫਿਲਮਾਂ ਦੇਖਣਾ ਪਸੰਦ ਹੈ, ਮਾਹੌਲ ਸਹੀ ਹੋਣ ਦੇ ਬਾਅਦ ਉਹ ਥੀਏਟਰ ਵਿੱਚ ਹੀ ਫਿਲਮਾਂ ਦਾ ਆਨੰਦ ਲੈਣਾ ਚਾਹੁਣਗੇ। ਆਪਣੀ ਅਗਲੀ ਹਾਰਰ ਕਾਮੇਡੀ ਫਿਲਮ 'ਰੂਹੀ ਅਫਜਾਨਾ' ਦੇ ਬਾਰੇ ਵਰੁਣ ਦੱਸਦੇ ਹਨ ਕਿ ਇਸ ਦੀ ਸ਼ੂਟਿੰਗ ਹੋ ਚੁੱਕੀ ਹੈ, ਫਿਲਹਾਲ ਇਸ ਦਾ ਪੋਸਟ ਪ੍ਰੋਡਕਸ਼ਨ ਕੰਮ ਚੱਲ ਰਿਹਾ ਹੈ। ਇਸ ਦੌਰਾਨ ਆਈ ਆਫਤ ਕਾਰਨ ਇਸ ਫਿਲਮ ਦੀ ਰਿਲੀਜ਼ ਡੇਟ ਬਦਲਣਾ ਸੁਭਾਵਕ ਹੈ। ਫਿਲਮ ਨੂੰ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਬਾਰੇ ਫਿਲਹਾਲ ਉਨ੍ਹਾਂ ਦੀ ਨਿਰਮਾਤਾਵਾਂ ਨਾਲ ਕੋਈ ਗੱਲਬਾਤ ਨਹੀਂ ਹੋਈ। ਇਸ ਦੇ ਇਲਾਵਾ ਉਹ ਕੁਝ ਹੋਰ ਪ੍ਰੋਜੈਕਟਾਂ 'ਤੇ ਵੀ ਕੰਮ ਕਰ ਰਹੇ ਹਨ।

## ਰਿਤਿਕ ਨੇ ਦਿੱਤਾ ਸੀ ਕ੍ਰਿਸ਼ ਨਾਮ : ਸੰਜੇ ਮਾਸੂਮ



ਫਿਲਮ ਨਿਰਮਾਣ ਵਿੱਚ ਉਸ ਦੇ ਸਿਰਲੇਖ ਤੋਂ ਲੈ ਕੇ ਕਹਾਣੀ, ਗੀਤਾਂ ਤੇ ਸ਼ੂਟਿੰਗ ਪਿੱਛੇ ਕਈ ਕਹਾਣੀਆਂ ਛੁਪੀਆਂ ਹੁੰਦੀਆਂ ਹਨ। ਹਿੰਦੀ ਸਿਨੇਮਾ ਦੀ ਸਭ ਤੋਂ ਵੱਡੀ ਫਰੈਂਚਾਈਜ਼ੀ ਫਿਲਮਾਂ ਵਿੱਚ ਸ਼ਾਮਲ ਰਿਤਿਕ ਰੋਸ਼ਨ ਦੀ ਫਿਲਮ 'ਕ੍ਰਿਸ਼' ਦਾ ਨਾਂਅ ਰੱਖਣ ਪਿੱਛੇ ਵੀ ਇੱਕ ਦਿਲਚਸਪ ਕਹਾਣੀ ਹੈ। ਇਸ ਫਿਲਮ ਨੂੰ ਰਿਲੀਜ਼ ਹੋਇਆਂ 14 ਸਾਲ ਹੋ ਗਏ ਹਨ।
ਇਸ ਮੌਕੇ ਫਿਲਮ ਦੇ ਡਾਇਲਾਗ ਲਿਖਣ ਵਾਲੇ ਸੰਜੇ ਮਾਸੂਮ ਨੇ ਦੱਸਿਆ, ਇਸ ਫਿਲਮ ਦਾ ਨਾਂਅ ਪਹਿਲਾਂ ਤੋਂ ਤੈਅ ਨਹੀਂ ਸੀ। ਜਦ ਰਿਤਿਕ ਨਾਲ ਫਿਲਮ ਦੀ ਪੂਰੀ ਟੀਮ ਬੈਠ ਕੇ ਸਕ੍ਰਿਪਟ ਪੜ੍ਹ ਰਹੀ ਸੀ ਤਾਂ ਸਰਕਸ ਦੇ ਸੀਨ ਵਿੱਚ ਰਿਤਿਕ ਰੁਕ ਗਏ। ਉਨ੍ਹਾਂ ਨੇ ਕਿਹਾ ਫਿਲਮ ਦਾ ਨਾਂਅ ਕ੍ਰਿਸ਼ ਹੋਵੇਗਾ। ਪਹਿਲੀ ਵਾਰ ਉਨ੍ਹਾਂ ਦੇ ਇਸ ਸੁਝਾਅ ਨਾਲ ਕੋਈ ਸਹਿਮਤ ਨਹੀਂ ਹੋਇਆ, ਪਰ ਜਦ ਰਿਤਿਕ ਨੇ ਪੂਰੇ ਸੀਨ 'ਤੇ ਐਕਟਿੰਗ ਕਰ ਕੇ ਦਿਖਾਇਆ ਕਿ ਜਦ ਬੱਚੀ ਉਨ੍ਹਾਂ ਨੂੰ ਨਾਂਅ ਪੁੱਛਦੀ ਹੈ ਤਾਂ ਆਪਣੇ ਕਿਰਦਾਰ ਦਾ ਨਾਂਅ ਕ੍ਰਿਸ਼ਨਾ ਲੈਂਦੇ ਹੋਏ ਉਹ ਰੁਕ ਜਾਂਦੇ ਹਨ। ਫਿਰ ਕ੍ਰਿਸ਼ ਉਨ੍ਹਾਂ ਦੇ ਮੂੰਹ 'ਚੋਂ ਨਿਕਲਦਾ ਹੈ। ਇਹ ਗੱਲ ਸਾਰੇ ਲੋਕਾਂ ਨੂੰ ਪਸੰਦ ਆਈ। ਇਸ ਤਰ੍ਹਾਂ ਰਿਤਿਕ ਦਾ ਸਲਾਹ 'ਤੇ ਫਿਲਮ ਦਾ ਨਾਂਅ ਕ੍ਰਿਸ਼ ਤੈਅ ਕੀਤਾ ਗਿਆ। ਦੇਸ਼ ਦੀ ਪਹਿਲੀ ਸੁਪਰਹੀਰੋ ਫਿਲਮ 'ਕ੍ਰਿਸ਼' ਦਾ ਹਿੱਸਾ ਹੋਣ ਦਾ ਅਨੁਭਵ ਆਪਣੇ ਆਪ ਵਿੱਚ ਅਲੱਗ ਹੈ। ਮਨਾਲੀ ਵਿੱਚ ਸ਼ੂਟਿੰਗ ਦੇ ਸਮੇਂ ਥਾਈਲੈਂਡ ਦੇ ਐਕਸ਼ਨ ਡਾਇਰੈਕਟਰ ਦੇ ਨਾਲ ਰਿਤਿਕ ਦਾ ਇੱਕ ਦਰੱਖਤ ਤੋਂ ਦੂਸਰੇ ਦਰੱਖਤ 'ਤੇ ਜਾਣਾ ਅੱਜ ਵੀ ਉਨ੍ਹਾਂ ਦੀਆਂ ਸਭ ਤੋਂ ਖੂਬਸੂਰਤ ਯਾਦਾਂ ਵਿੱਚੋਂ ਇੱਕ ਹੈ। ਦੱਸਣਾ ਬਣਦਾ ਹੈ ਕਿ ਰਿਤਿਕ ਅਤੇ ਉਸ ਦੇ ਪਿਤਾ 'ਕ੍ਰਿਸ਼' ਫਰੈਂਚਾਈਜ਼ੀ ਦੀ ਅਗਲੀ ਫਿਲਮ 'ਕ੍ਰਿਸ਼ 4' ਦੀ ਤਿਆਰੀ ਕਰ ਰਹੇ ਹਨ। ਫਿਲਹਾਲ ਇਸ ਦੇ ਬਾਰੇ ਕੋਈ ਰਸਮੀ ਐਲਾਨ ਨਹੀਂ ਹੋਇਆ ਹੈ।

## ਨਵਾਜ਼ੂਦੀਨ ਦੀ ਜ਼ਿੰਦਗੀ ਤੋਂ ਪ੍ਰੇਰਿਤ ਸੀ ਉਹ ਸੀਨ

ਕਈ ਵਾਰ ਅਭਿਨੇਤਾ, ਨਿਰਦੇਸ਼ਕ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ਫਿਲਮਾਂ ਵਿੱਚ ਪਾਉਣ ਦੀ ਕੋਸ਼ਿਸ ਕਰਦੇ ਹਨ। ਅਨੁਰਾਗ ਕਸ਼ਯਪ ਦੇ ਨਿਰੇਦਸ਼ਨ ਵਿੱਚ ਬਣੀ ਫਿਲਮ 'ਗੈਂਗਸ ਆਫ ਵਾਸੇਪੁਰ' ਦੀ ਰਿਲੀਜ਼ ਨੂੰ ਅੱਠ ਸਾਲ ਹੋ ਗਏ ਹਨ। ਇਸ ਫਿਲਮ ਵਿੱਚ ਹੁਮਾ ਕੁਰੈਸ਼ੀ ਨੇ ਆਪਣਾ ਫਿਲਮੀ ਕਰੀਅਰ ਸ਼ੁਰੂ ਕੀਤੀ ਤਾਂ ਉਥੇ ਰਿਚਾ ਚੱਢਾ ਨੂੰ ਪਛਾਣ ਮਿਲੀ ਸੀ। ਫਿਲਮ ਨਾਲ ਜੁੜੀਆਂ ਯਾਦਾਂ ਸਾਂਝਾ ਕਰਦੇ ਹੋਏ ਹੁਮਾ ਦੱਸਦੀ ਹੈ ਕਿ ਮੁੰਬਈ ਆਉਣ 'ਤੇ ਉਨ੍ਹਾਂ ਐਡ ਫਿਲਮਾਂ ਵਿੱਚ ਆਪਣੇ ਸਫਰ ਸ਼ੁਰੂ ਕੀਤਾ ਸੀ। ਆਮਿਰ ਖਾਨ ਨਾਲ ਐਡ ਕੀਤੀ ਸੀ। ਉਥੇ ਅਨੁਰਾਗ ਕਸ਼ਯਪ ਨਾਲ ਮੁਲਾਕਾਤ ਹੋਈ ਸੀ। ਉਨ੍ਹਾਂ ਨੇ ਇਸ ਫਿਲਮ ਦਾ ਆਫਰ ਦਿੱਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਇੰਨੀ ਜਲਦੀ ਕਿਸੇ ਨੂੰ ਫਿਲਮ ਕਿੱਥੇ ਮਿਲ ਜਾਂਦੀ ਹੈ, ਸੰਘਰਸ਼ ਕਰਨਾ ਪੈਂਦਾ ਹੈ, ਪਰ ਉਨ੍ਹਾਂ ਨੇ ਫਿਲਮ ਵਿੱਚ ਮੌਕਾ ਦਿੱਤਾ।
ਮੇਰਾ ਤੇ ਨਵਾਜ਼ੂਦੀਨ ਸਿੱਦੀਕੀ ਦਾ ਜੋ ਸੀਨ ਸੀ, ਜਿਸ ਵਿੱਚ ਮੈਂ ਉਨ੍ਹਾਂ ਨੂੰ ਕਹਿੰਦੀ ਹਾਂ ਕਿ ਲੜਕੀ ਦਾ ਹੱਥ ਫੜਨ ਤੋਂ ਪਹਿਲਾਂ ਪਰਮਿਸ਼ਨ ਮੰਗਣੀ ਚਾਹੀਦੀ ਹੈ, ਉਹ ਸੀਨ ਨਵਾਜ਼ ਦੀ ਜ਼ਿੰਦਗੀ ਤੋਂ ਪ੍ਰੇਰਿਤ ਸੀ। ਨਵਾਜ਼ ਨੂੰ ਇੱਕ ਲੜਕੀ ਨੇ ਇਹ ਗੱਲ ਕਹੀ ਸੀ, ਜਿਸ ਦੇ ਬਾਅਦ ਨਵਾਜ਼ ਰੋ ਪਏ ਸਨ। ਰਿਚਾ ਦੱਸਦੀ ਹੈ ਕਿ ਜਦ ਇਹ ਫਿਲਮ ਬਣਨੀ ਸ਼ੁਰੂ ਹੋਈ, ਤਦ ਮੈਨੂੰ ਪਤਾ ਸੀ ਕਿ ਫਿਲਮ ਕੁਝ ਖਾਸ ਬਣਨ ਵਾਲੀ ਹੈ। ਅਨੁਰਾਗ ਕਸ਼ਯਪ ਕਦੇ ਆਪਣੀਆਂ ਫਿਲਮਾਂ ਦਾ ਬਜਟ ਨਹੀਂ ਦੱਸਦੇ ਹਨ। ਇਸ ਫਿਲਮ ਦਾ ਬਜਟ ਕੀ ਸੀ ਇਹ ਪਤਾ ਨਹੀਂ ਲੱਗ ਸਕਿਆ ਸੀ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience



# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੋ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
- Hotel
- Motel
- Exterior
- Interior
- Spray Painting
- Office Painting
- Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

